# ਸਾਂਝੀ ਵਿਰਾਸਤ

ਜਿਲਦ 3 ਅੰਕ 34 2024 1-ਕੱਤਕ (15-ਅਕਤੂਬਰ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

## ਵਿਸ਼ਾ ਸੂਚੀ

1-ਕੱਤਕ 556 / 15-ਅਕਤੂਬਰ 2024 ਅੰਕ


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਵਿਆਖਿਆ ਬਾਰਹ ਮਾਹਾ ਤੁਖਾਰੀ ਮ: 1 | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 4 |
| 3. | ਵਿਆਖਿਆ ਬਾਰਹ ਮਾਹਾ ਮਾਂਝ ਮ: 5 | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਅਮਲ ਕਰਨ ਤੋਂ ਬਿਨਾਂ ਗੁਰਬਾਣੀ ਨੂੰ ਰਸਮ ਜਾਂ ਪੂਜਾ ਵਾਂਗ ਮੰਨਣਾ ਬੇਅਰਥ ਹੈ - ਭਾਗ 2 | ਡਾ. ਸਰਦਾਰ ਕਾਬਲ ਸਿੰਘ ਅਤੇ ਡਾ. ਸਰਦਾਰ ਬਲਦੇਵ ਸਿੰਘ | 8 |
| 5. | ਸਿੱਖ ਨੌਜਵਾਨਾਂ ਦੀ ਸਫ਼ਲਤਾ ਲਈ ਜਪੁਜੀ ਅਤੇ ਸੁਖਮਨੀ ਸਾਹਿਬ ਦੀ ਸਿੱਖਿਆ - ਭਾਗ 3 | ਡਾ.ਸਰਦਾਰ ਸੁਖਮੰਦਰ ਸਿੰਘ ਅਤੇ ਡਾ. ਸਰਦਾਰ ਕਾਬਲ ਸਿੰਘ | 12 |
| 6. | ਬਜ਼ੁਰਗਾਂ ਬਿਨਾ ਸੁੰਨੇ ਵਿਹੜੇ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 15 |
| 7. | ਅਮਰ ਸ਼ਹੀਦ ਸਰਦਾਰ ਦਰਸ਼ਨ ਸਿੰਘ ਫੇਰੂਮਾਨ | ਸਰਦਾਰ ਨਿਰਵੈਰ ਸਿੰਘ ਅਰਸ਼ੀ | 19 |
| 8. | ਬਾਬੀਹਾ ਪ੍ਰਿਉ ਪ੍ਰਿਉ ਕਰੇ | ਸਰਦਾਰਨੀ ਸੁਰਜੀਤ ਕੌਰ ਸਾਰੰਗ | 21 |
| 9. | ਸਾਨੂੰ ਇੰਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 22 |
| 10. | ਸਿੱਖ ਇਤਿਹਾਸ ਦਾ ਸੰਘਰਸ਼ਮਈ ਦੌਰ | ਡਾ. ਸ੍ਰ. ਗੁਰਸ਼ਰਨ ਸਿੰਘ ਸੋਹਲ | 24 |
| 11. | **UN Day of Older People** | **Dr S. Raja Balraj Singh** | 26 |
| 12. | ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦਿਵਸ | ਈ-ਦੀਵਾਨ ਵਲੋਂ ਕਵੀ ਦਰਬਾਰ | 27 |
| 13. | ਕਵੀ ਦਰਬਾਰ ਦੀ ਰਿਪੋਰਟ | ਸਰਦਾਰ ਜਸਵਿੰਦਰ ਸਿੰਘ ਰੁਪਾਲ | 29 |
| 14. | ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ | ਪ੍ਰਸ਼ਨ - ਉੱਤਰ (1 - 5) | 30 |
| 15. | ਪੁਸਤਕ ਸਮੀਖਿਆ | ਸਰਦਾਰ ਪਰਕਾਸ਼ ਸਿੰਘ (ਲੇਖਕ) | 32 |
| 16. | **Thanksgiving Day** | **Ransher Raj Singh** | 33 |
| 17. | ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 34 |
| 18. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਸਾਂਝੀ ਵਿਰਾਸਤ | 37 |
| 19. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 39 |
| 20. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 40 |

## ਸੰਪਾਦਕੀ ਨੋਟ

(1-ਕੱਤਕ / 15-ਅਕਤੂਬਰ 2024 ਅੰਕ)

ਅਕਤੂਬਰ 15 ਤੋਂ ਮੂਲ ਨਾਨਕਸ਼ਾਹੀ ਕੈਲੇਂਡਰ ਦਾ ਕੱਤਕ ਮਹੀਨਾ ਸ਼ੁਰੂ ਹੁੰਦਾ ਹੈ। ਚੌਥੇ ਪਾਤਸ਼ਾਹ ਗੁਰੂ ਰਾਮਦਾਸ ਸਾਹਿਬ ਦਾ ਪ੍ਰਕਾਸ਼ ਦਿਹਾੜਾ 9 ਅਕਤੂਬਰ (25 ਅੱਸੂ) ਨੂੰ ਮਨਾਇਆ ਜਾਂਦਾ ਹੈ। ਸਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਸਾਹਿਬ ਨੇ 20 ਅਕਤੂਬਰ (6 ਕੱਤਕ) ਨੂੰ ਗੁਰਗੱਦੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਸੌਂਪੀ ਸੀ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖਾਂ ਦੇ ਸਦੀਵੀ ਅਤੇ ਜੁਗੋ ਜੁਗ ਅਟਲ "ਗੁਰੂ ਸਾਹਿਬ" ਦਾ ਦਰਜਾ ਦਿੱਤਾ।

ਅਕਤੂਬਰ ਦੇ ਮਹੀਨੇ ਵਿਚ ਕਈ ਮਹੱਤਵ ਪੂਰਨ ਦਿਨ ਅੰਤਰ-ਰਾਸ਼ਟ੍ਰੀ ਪੱਧਰ ਤੇ ਮਨਾਏ ਜਾਂਦੇ ਹਨ। ਇਨ੍ਹਾਂ ਵਿਚ **World Vegetarian Day, Indigenous Peoples Day, World Health Awareness Days for Breast Cancer, AIDS and Autism** ਸ਼ਾਮਲ ਹਨ।

ਅਕਤੂਬਰ 1922 ਵਿਚ ਬੀ. ਬੀ. ਸੀ. **(British Broadcasting Company)** ਅਤੇ 1945 ਵਿਚ **(United Nations)** ਦੀ ਸਥਾਪਨਾ ਹੋਈ ਸੀ। ਅਕਤੂਬਰ ਨੂੰ ਬਤੌਰ "ਔਰਤਾਂ ਦੇ ਇਤਿਹਾਸ ਦਾ ਮਹੀਨੇ" **(Women's History Month)** ਮਨਾਇਆ ਜਾਂਦਾ ਹੈ। ਅਕਤੂਬਰ 1829 ਵਿਚ ਔਰਤਾਂ ਨੂੰ ਕਨੇਡੀਅਨ ਸੈਨੇਟ ਵਿਚ ਮੈਂਬਰ ਬਣਨ ਦਾ ਹੱਕ ਮਿਲਿਆ ਸੀ।




ਇਸ ਮਹੀਨੇ ਨੂੰ ਕੈਨੇਡਾ ਵਿਚ ਰਹਿੰਦੇ ਜਰਮਨ, ਇਸਲਾਮਿਕ ਅਤੇ ਲਾਤੀਨੀ ਅਮਰੀਕਨ ਲੋਕਾਂ ਦੇ ਵਿਰਸੇ ਨੂੰ ਸਨਮਾਨ ਦੇਣ ਲਈ ਵੀ ਨੀਯਤ ਕੀਤਾ ਹੋਇਆ ਹੈ। ਅਕਤੂਬਰ ਦੇ ਦੂਸਰੇ ਸੋਮਵਾਰ ਨੂੰ 1879 ਤੋਂ ਕੈਨੇਡਾ ਵਿਚ ਭਰਵੀਆਂ ਫ਼ਸਲਾਂ ਲਈ ਪ੍ਰਭੂ ਦਾ ਧੰਨਵਾਦ ਦਾ ਦਿਨ **(Thanksgiving Day)** ਮਨਾਇਆ ਜਾਂਦਾ ਹੈ।

ਇਸ ਤੋਂ ਇਲਾਵਾ 01 ਅਕਤੂਬਰ **World Senior Citizens Day** ਦਾ ਅੰਤਰ-ਰਾਸ਼ਟ੍ਰੀ ਦਿਵਸ, ਬਜ਼ੁਰਗਾਂ ਦੀਆਂ ਲੋੜਾਂ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਸਮਝਣ ਲਈ ਸੰਯੁਕਤ ਰਾਸ਼ਟਰ **(UN)** ਵਲੋਂ ਨੀਯਤ ਕੀਤਾ ਗਿਆ ਸੀ। ਇਸ ਅੰਕ ਵਿਚ ਕੁਝ ਸਿੱਖ ਬਲਿਦਾਨੀਆਂ ਦੇ ਜੀਵਨ ਬਾਰੇ ਵੀ ਸੰਖੇਪ ਜਾਣਕਾਰੀ ਦਿੱਤੀ ਗਈ ਹੈ।

ਮੁੱਖ ਸੰਪਾਦਕ (sanjhivirasat.org)
**(surjitsingh.bhatti@gmail.com**

## ਕੱਤਕ ਮਹੀਨੇ ਦਾ ਪਾਠ ਅਤੇ ਵਿਆਖਿਆ

ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

ੴ ਸਤਿਗੁਰ ਪ੍ਰਸਾਦਿ॥

**ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ॥**
**ਦੀਪਕੁ ਸਹਜਿ ਬਲੈ ਤਤਿ ਜਲਾਇਆ ॥**
**ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥**
**ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ ॥**
**ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ ॥**
**ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥12॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ– 1109)**

ਵਿਆਖਿਆ : ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਕੱਤਕ ਦੇ ਮਹੀਨੇ ਜਿਵੇਂ ਕਿਸਾਨ ਨੂੰ ਸਉਣੀ ਦੀ ਫ਼ਸਲ ਦੀ ਕਮਾਈ ਮਿਲ ਜਾਂਦੀ ਹੈ ਇਸੇ ਤਰ੍ਹਾਂ ਪ੍ਰਭੂ ਦੇ ਭਾਣੇ ਅਨੁਸਾਰ ਹਰੇਕ ਜੀਵ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਸੰਸਕਾਰਾਂ ਦੇ ਰੂਪ ਵਿਚ ਮਿਲਦਾ ਹੈ। ਆਪਣੇ ਕੀਤੇ ਚੰਗੇ ਕਰਮਾਂ ਅਨੁਸਾਰ ਜਿਹੜਾ ਮਨੁੱਖ ਪ੍ਰਮਾਤਮਾਂ ਨੂੰ ਪਿਆਰਾ ਲਗ ਜਾਂਦਾ ਹੈ ਉਸ ਨੂੰ ਸੱਚ ਦੀ ਸੋਝੀ ਆ ਜਾਂਦੀ ਹੈ। ਪ੍ਰਭੂ ਦੇ ਗਿਆਨ ਵਾਲੇ ਹਿਰਦੇ ਵਿਚ ਆਤਮਕ ਸੂਝ ਦਾ ਦੀਵਾ ਜਗ ਪੈਂਦਾ ਹੈ। ਗਿਆਨ ਦੀ ਸੋਝੀ ਦੇ ਚਾਨਣ ਨਾਲ ਪ੍ਰਭੂ ਪਤੀ ਨਾਲ ਮਿਲਾਪ ਹੋਣ ਤੇ ਜੀਵ ਰੂਪ ਇਸਤ੍ਰੀ ਆਤਮਕ ਆਨੰਦ ਮਾਣਦੀ ਹੈ। ਪਰ ਜਿਸ ਜੀਵ ਇਸਤ੍ਰੀ ਨੂੰ ਵਿਕਾਰਾਂ ਨੇ ਮਾਰ ਮੁਕਾਇਆ ਹੈ ਉਸ ਨੂੰ ਪ੍ਰਭੂ ਪਤੀ ਦੀ ਸੋਝੀ ਨਹੀਂ ਹੁੰਦੀ। ਸਿਫ਼ਤ ਸਾਲਾਹ ਦੁਆਰਾ ਆਤਮਕ ਗੁਣ ਪ੍ਰਾਪਤ ਕਰਕੇ ਜੀਵ ਇਸਤ੍ਰੀ ਵਿਕਾਰਾਂ ਵੱਲੋਂ ਬਚ ਜਾਂਦੀ ਹੈ। ਉਸਦੇ ਅੰਦਰ ਸਦਾ ਪ੍ਰਭੂ ਮਿਲਾਪ ਦੀ ਤਾਂਘ ਬਣੀ ਰਹਿੰਦੀ ਹੈ।

ਜਿਨ੍ਹਾ ਨੂੰ ਵਾਹਿਗੁਰੂ ਨਾਮ ਭਗਤੀ ਦੇਂਦਾ ਹੈ ਉਹ ਆਪਣੇ ਨਿਜ ਸਰੂਪ ਵਿਚ ਕਾਇਮ ਰਹਿੰਦੇ ਹਨ, ਡੋਲਦੇ ਨਹੀ। ਉਹ ਹਮੇਸ਼ਾਂ ਅਰਦਾਸ ਕਰਦੇ ਰਹਿੰਦੇ ਹਨ : ਹੇ ਪ੍ਰਭੂ ਕਿਰਪਾ ਕਰਕੇ ਵਿਛੋੜਾ ਨਾ ਪਾਣਾ। ਸਾਨੂੰ ਇਕ ਘੜੀ ਦਾ ਵਿਛੋੜਾ ਛੇ ਮਹੀਨੇ ਵਰਗਾ ਭਾਸਦਾ ਹੈ।



## ਬਾਰਹ ਮਾਹਾ ਮਾਂਝ ਵਿੱਚੋਂ ਕੱਤਕ ਮਹੀਨੇ ਦਾ ਪਾਠ

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥ ੯॥

ਵਿਆਖਿਆ:
ਇੰਜੀਨੀਅਰ ਸਰਦਾਰ ਕਰਮਜੀਤ ਸਿੰਘ 'ਨੂਰ',
ਜਲੰਧਰ (ਭਾਰਤ)

ਕੱਤਿਕ (ਕੱਤਕ) ਦੇ ਮਹੀਨੇ ਰਾਹੀਂ ਗੁਰੂ ਅਰਜਨ ਦੇਵ ਜੀ ਉਪਦੇਸ਼ ਕਰਦੇ ਹਨ ਕਿ ਇਸ ਸੁਹਾਵਣੀ ਰੁੱਤ ਵਿਚ ਜੀਵ ਦਾ ਪ੍ਰਮਾਤਮਾ ਨਾਲੋਂ ਵਿਛੋੜਾ ਉਸ ਦੇ ਕੀਤੇ ਕਰਮਾਂ ਕਰਕੇ ਹੈ। ਜੀਵ ਪ੍ਰਮਾਤਮਾ ਨੂੰ ਭੁਲਾ ਕੇ ਪਰੇਸ਼ਾਨ ਹੁੰਦਾ ਹੈ ਅਤੇ ਮਾਇਆ ਦੇ ਪਦਾਰਥਾਂ ਨੂੰ ਭੋਗਣ ਵਿੱਚ ਮਸਤ ਹੋ ਜਾਂਦਾ ਹੈ ਜੋ ਕਿ ਅੰਤ ਵਿੱਚ ਦੁਖਦਾਈ ਹੋ ਨਿੱਬੜਦੇ ਹਨ। ਚੰਗੇ ਭਾਗਾਂ ਨਾਲ ਜੇ ਪ੍ਰਮਾਤਮਾ ਦਾ ਮਿਲਾਪ ਹੋ ਜਾਵੇ ਤਾਂ ਸਾਰਾ ਵਿਛੋੜੇ ਦਾ ਦੁੱਖ ਸਮਾਪਤ ਹੋ ਜਾਂਦਾ ਹੈ। ਗੁਰੂ ਨਾਨਕ ਜੀ ਸਮਝਾਉਂਦੇ ਹਨ ਕਿ ਉਸ ਬੰਦੀਛੋੜ ਮਾਲਕ ਅੱਗੇ ਅਰਦਾਸ ਕਰੀਏ ਕਿ ਉਹ ਸਾਨੂੰ ਇਸ ਮਾਇਆ ਤੇ ਬੰਧਨਾਂ ਤੋਂ ਬਚਾ ਕੇ ਰੱਖੇ। ਕੱਤਕ ਦੀ ਸੁਹਾਵਣੀ ਰੁੱਤ ਵਿਚ ਜਿਸ ਨੂੰ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਏ ਉਸ ਦੇ ਸਾਰੇ ਫ਼ਿਕਰ ਖ਼ਤਮ ਹੋ ਜਾਂਦੇ ਹਨ।

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ਕੱਤਕ ਦੇ ਮਹੀਨੇ ਦੀ ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ

ਜਲੰਧਰ (ਭਾਰਤ) 9815023970



ਠੰਢੀ ਮਿੱਠੜੀ ਕੱਤਕ ਦੀ ਰੁੱਤ ਵਿਚ ਵੀ,
ਵਿਛੜ ਜਾਵੇ ਜੇ ਪ੍ਰਭੂ, ਗਰੂਰ ਕੀ ਹੈ ।
ਸਾਡੇ ਆਪਣੇ ਕਰਮਾਂ ਦਾ ਫਲ ਹੈ ਇਹ,
ਇਸ ਵਿੱਚ ਕਿਸੇ ਦਾ ਦਸੋ ਕਸੂਰ ਕੀ ਹੈ।
ਜੋ ਪਰਮਾਤਮਾ ਨੂੰ ਜਾਵੇ ਭੁੱਲ, ਉਸ ਨੂੰ,
ਚੰਬੜ ਸਾਰੇ ਜਹਾਨ ਦੇ ਰੋਗ ਜਾਂਦੇ।
ਮੁੱਖ ਓਸ ਤੋਂ ਜਿਹੜਾ ਵੀ ਮੋੜ ਲੈਂਦਾ,
ਜਨਮਾਂ ਜਨਮਾਂ ਦੇ ਲੱਗ ਵਿਯੋਗ ਜਾਂਦੇ।
ਜਿੰਨੀਆਂ ਮਾਇਆ ਦੀਆਂ ਮੌਜਾਂ ਤੂੰ ਮਾਣੀਆਂ ਨੇ,
ਹਸ਼ਰ ਇਹਨਾਂ ਦਾ ਬੜਾ ਦੁਖਦਾਈ
ਹੋਣਾ।
ਜਾ ਜਾ ਕੇ ਰੋਏਂਗਾ ਰੋਜ਼ ਕਿਸ ਕੋਲ ਓਦੋਂ,
ਨਹੀਂ ਕਿਸੇ ਵਿਚੋਲੇ ਸਹਾਈ ਹੋਣਾ।
ਕੁਝ ਵੀ ਆਪਣੇ ਕੀੱਤਿਆਂ ਨਹੀਂ ਹੁੰਦਾ,
ਹੁੰਦਾ ਓਹੀ ਜੋ ਧੁਰੋਂ ਮਨਜ਼ੂਰ ਹੋਵੇ।
ਵੱਡੇ ਭਾਗਾਂ ਦੇ ਨਾਲ ਜੇ ਪ੍ਰਭੂ ਮਿਲ ਪਏ,
ਸਾਰਾ ਦੁੱਖ ਵਿਛੋੜੇ ਦਾ ਦੂਰ ਹੋਵੇ।

ਰੱਖ ਨਾਨਕ ਨੂੰ ਪ੍ਰਭੂ ਬਚਾ ਕੇ ਤੂੰ,
ਬੰਦੀਛੋੜ ਮਾਲਿਕ ਬੰਧਨ ਚੁੱਕ ਸਾਰੇ।
ਕੱਤਕ ਵਿਚ ਜਿਸ ਨੂੰ ਮਿਲ ਜਾਏ ਸਾਧਸੰਗਤ,
'ਨੂਰ' ਫ਼ਿਕਰ ਉਸ ਦੇ ਜਾਂਦੇ ਮੁੱਕ ਸਾਰੇ ।

ਬਾਰਹ ਮਾਹਾ ਤੁਖਾਰੀ ਛੰਤ ਮਹਲਾ 1
ਕਤਕਿ ਮਹੀਨੇ ਦਾ ਪਾਠ ਅਤੇ ਕਾਵਿਕ ਵਿਆਖਿਆ

ੴ ਸਤਿਗੁਰ ਪ੍ਰਸਾਦਿ॥




ਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ॥
ੀਪਕੁ ਸਹਜਿ ਬਲੈ ਤਤਿ ਜਲਾਇਆ॥
ੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ॥
ਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ॥
ਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ
ਾਸਾ॥
ਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ
ਾਸਾ॥

ਕਾਵਿਕ ਵਿਆਖਿਆ
ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ
ਜਲੰਧਰ

ੱਤਕ ਮਹੀਨੇ, ਭਾਅ ਜਾਣਾ ਪਰਮਾਤਮਾ ਨੂੰ,
ਰਤੀ ਦੇ ਕੀਤੇ ਚੰਗੇ ਕਰਮਾਂ ਦਾ ਫਲ ਹੈ।
ਹਰਦੇ ਚ ਓਸ ਦੇ ਟਿਕਾਓ ਜਿਹਾ ਆ ਜਾਂਦਾ,
ਭੂ ਦੇ ਗਿਆਨ ਵਾਲਾ ਦੀਵਾ ਪੈਂਦਾ ਬਲ ਹੈ।
ਲ ਪਾ ਕੇ ਦੀਵਾ ਜਿਵੇਂ ਖਿੜ ਜਾਂਦਾ ਨੂਰ ਨਾਲ,
ਭੂ ਪਤੀ ਪਾ ਕੇ ਜੀਵ ਇਸਤਰੀ ਹੈ ਖਿੜਦੀ।
ਗੁਣਾਂ ਦੀ ਮਾਰੀ ਨਹੀਂ ਹੁੰਦੀ ਕਾਮਯਾਬ ਕਦੇ,
ਣਾਂ ਨਾਲ ਭਰੀ ਕਦੇ ਭਟਕਦੀ ਨਾ ਭਿੜਦੀ।
ਾ ਕੇ ਤੇਰੀ ਆਸ ਟਿਕੇ ਰਹਿੰਦੇ ਨਿਜ ਘਰ 'ਚ ਉਹ,
ੰਦਗੀ ਤੇ ਨਾਮ ਦੇਵੇਂ, ਜਿੰਨਾ ਨੂੰ ਤੂੰ ਆਪ ਦਾ।
ਲ ਕੇ ਕਿਵਾੜ ਮਿਲੋ ਨਾਨਕ ਦੀ ਬੇਨਤੀ ਹੈ,
ੜੀ ਦਾ ਵਿਛੋੜਾ ਅੱਧੇ ਸਾਲ ਜਿੰਨਾ ਜਾਪਦਾ।

## ਅਮਲ ਕਰਨ ਤੋਂ ਬਿਨਾਂ ਗੁਰਬਾਣੀ ਨੂੰ ਰਸਮ ਜਾਂ ਪੂਜਾ ਵਾਂਗ ਮੰਨਣਾ ਬੇਅਰਥ ਹੈ – ਭਾਗ 2

ਡਾ. ਸਰਦਾਰ ਕਾਬਲ ਸਿੰਘ, ਡਾ. ਸਰਦਾਰ ਬਲਦੇਵ ਸਿੰਘ (ਐਡਮਿੰਟਨ, ਕੈਨੇਡਾ)

*(ਲੜੀ ਜੋੜਨ ਲਈ ਇਸ ਦਾ ਭਾਗ 1 ਪੜ੍ਹੋ ਜੀ)*

### ਗੁਰਬਾਣੀ ਦੀ ਸਿਖਿਆ ਮੰਨਣ ਤੋਂ ਕੀ ਭਾਵ ਹੈ?

- ਇੱਕ ਪਰਮਾਤਮਾ ਨੂੰ ਮੰਨਣਾ (ਯਾਨਿ ਉਸਦੇ ਗੁਣਾਂ ਨੂੰ ਯਾਦ ਰੱਖ ਕੇ ਮਨ ਵਿਚ ਵਸਾਉਣਾ), ਉਸ ਤੇ ਹਰ ਹਾਲਤ ਵਿੱਚ ਵਿਸ਼ਵਾਸ਼ ਰਖਣਾ।
- ਗੁਰਬਾਣੀ ਉਪਦੇਸ਼ ਸਮਝਣ ਲਈ ਪਾਠ ਕਰਨਾ, ਸੁਣਨਾ ਤੇ ਭਾਵ-ਅਰਥ ਸਮਝਣੇ।
- ਗੁਰਬਾਣੀ ਦਾ ਭਾਵ ਹੋਰਾਂ ਨੂੰ ਸਮਝਾਉਣ ਲਈ ਯਤਨ ਕਰਨੇ।
- ਗੁਰਬਾਣੀ ਤੋਂ ਸਿਖਿਆ ਲੈ ਕੇ ਨਿਜੀ, ਪਰਵਾਰਿਕ, ਸਮਾਜਿਕ ਅਤੇ ਕਾਰੋਬਾਰੀ ਜੀਵਨ ਬਿਤਾਉਣਾ।
- ਦਸਾਂ ਨਹੁੰਆਂ (ਇਮਾਨਦਾਰੀ) ਦੀ ਕਿਰਤ ਕਰਨੀ, ਅਧਿਆਤਮਕ ਪ੍ਰਾਪਤੀਆਂ ਲਈ ਯਤਨ ਕਰਨੇ, ਅਤੇ ਪਹੁੰਚ ਅਨੁਸਾਰ ਲੋੜਵੰਦਾਂ ਦੀ ਮਦਦ ਕਰਨੀ।
- ਸੁੱਖ ਤੇ ਖੁਸ਼ੀ ਵੇਲੇ ਪ੍ਰਮਾਤਮਾ ਦੀ ਕ੍ਰਿਪਾ ਸਮਝ ਕੇ ਸ਼ੁਕਰਾਨਾ ਕਰਨਾ, ਅਤੇ ਦੁੱਖ ਤੇ ਗ਼ਮੀ ਵੇਲੇ ਰੱਬ ਦਾ ਭਾਣਾ ਮੰਨਣਾ।

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥* (ਪੰਨਾ 757)

- ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਕਿਸੇ ਦੇਵੀ-ਦੇਵਤਾ, ਬੁੱਤ, ਤਸਵੀਰ, ਮਨੁੱਖ, ਜਾਨਵਰ, ਹਸਤੀ, ਆਦਿ ਅੱਗੇ ਸਿਰ ਨਹੀਂ ਝੁਕਾਉਣਾ।
- ਨਿੰਦਾ-ਚੁਗਲੀ, ਵਹਮਿ-ਭਰਮ, ਹਉਮੈ, ਦਿਖਾਵਾ, ਵੈਰ-ਵਿਰੋਧ, ਤੇ ਹੋਰ ਸਭ ਤਰਾਂਹ ਦੇ ਵਿਸ਼ੇ-ਵਿਕਾਰਾਂ ਤੋਂ ਦੂਰ ਰਹਿਣਾ।



- *'ਸ਼ੁਭ ਕਰਮਨ ਤੇ ਕਬਹੂੰ ਨ ਡਰੋਂ'* ਦਾ ਭਾਵ ਸਮਝ ਕੇ ਪ੍ਰਵਾਰਿਕ, ਸਮਾਜਿਕ, ਧਾਰਮਿਕ ਤੇ ਹੋਰ ਬੇਇਨਸਾਫੀਆਂ ਵਿਰੱਧ ਯਤਨਸ਼ੀਲ ਹੋਣਾ।

ਗੁਰਬਾਣੀ ਦੀ ਸਿਖਿਆ ਤੇ ਅਮਲ ਕਰਨ ਵਾਲੇ ਵਿਅਕਤੀ ਦੀ ਅਵਸਥਾ ਬਾਰੇ ਜਪੁਜੀ ਸਾਹਿਬ ਦੀਆਂ 12 ਤੋਂ 15 ਤੇ 37 ਨੰਬਰ ਪਉੜੀਆਂ ਵਿੱਚ ਵਰਣਨ ਹੈ।

### ਗੁਰਬਾਣੀ ਦੀ ਸਿਖਿਆ ਮੰਨਣੀ ਕਿਉਂ ਜ਼ਰੂਰੀ?

- ਗੁਰਬਾਣੀ ਸੰਸਾਰਿਕ ਤੇ ਆਤਮਿਕ ਜੀਵਨ ਸੁਧਾਰਨ ਲਈ ਜੀਵਾਂ ਦੀ ਰਹਿਨੁਮਾਈ ਕਰਦੀ ਹੈ।
- ਹੋਰ ਸਭ ਆਸਰੇ ਛੱਡ ਕੇ ਇੱਕ ਵਾਹਿਗੁਰੂ ਤੇ ਭਰੋਸਾ ਕਰਨ ਲਈ ਪ੍ਰੇਰਦੀ ਹੈ।
- ਅਸੀਂ ਸੰਸਾਰਿਕ ਜ਼ਿਮੇਵਾਰੀਆਂ ਤਾਂ ਹੀ ਨਿਭਾ ਸਕਦੇ ਹਾਂ, ਜਾਂ ਕੋਈ ਕੰਮ ਠੀਕ ਤਰਾਂਹ ਤਾਂ ਹੀ ਕਰ ਸਕਦੇ ਹਾਂ, ਜੇਕਰ ਉਸ ਬਾਰੇ ਲੋੜੀਂਦਾ ਤੇ ਸਹੀ ਗਿਆਨ ਪ੍ਰਾਪਤ ਕਰ ਕੇ ਵਰਤਿਆ ਜਾਵੇ। ਇਸ ਤੋਂ ਬਿਨਾਂ ਕੰਮ ਵਿਚ ਸਫਲਤਾ ਨਹੀਂ ਮਿਲ ਸਕਦੀ।

- ਇਸੇ ਤਰਾਂਹ ਅਧਿਆਤਮਕ ਪ੍ਰਾਪਤੀਆਂ ਲਈ ਗੁਰਬਾਣੀ ਦਾ ਗਿਆਨ ਪ੍ਰਾਪਤ ਕਰਨਾ ਅਤੇ ਉਸ ਤੇ ਅਮਲ ਕਰਨਾ ਜ਼ਰੂਰੀ ਹੈ।

ਆਮ ਜੀਵਨ ਵਿਚੋਂ ਹੇਠ ਦਿਤੀਆਂ ਕੁਝ ਉਦਾਹਰਣਾਂ ਦਸਦੀਆਂ ਹਨ ਕਿ ਕੋਈ ਕੰਮ ਕਰਨ ਲਈ ਅਤੇ ਜੀਵਨ ਦੇ ਹਰ ਪਹਿਲੂ ਵਿੱਚ ਤਰੱਕੀ ਕਰਨ ਲਈ ਉਸ ਬਾਰੇ ਗਿਆਨ ਜ਼ਰੂਰੀ ਹੈ।

- ਕਿਸਾਨ ਬੀਜ, ਮਿੱਟੀ, ਮੌਸਮ, ਖਾਦਾਂ, ਸਿੰਜਾਈ ਦੇ ਸਾਧਨ ਤੇ ਤਰੀਕੇ, ਪੌਦਿਆਂ ਦੇ ਕੀੜਿਆਂ 'ਤੇ ਬਿਮਾਰੀਆਂ ਦੇ ਇਲਾਜ, ਕਈ ਤਰਾਂਹ ਦੇ ਔਜ਼ਾਰਾਂ ਤੇ ਮਸ਼ੀਨਾਂ ਦੀ ਵਰਤੋਂ ਤੇ ਸੰਭਾਲ ਦੀ ਜਾਣਕਾਰੀ, ਬਿਜਾਈ ਤੇ ਕਟਾਈ ਦੇ ਤਰੀਕੇ, ਪੈਦਾਵਾਰ ਸੰਭਾਲ ਤੇ ਮੰਡੀਕਰਨ ਆਦਿ ਦਾ ਗਿਆਨ ਵਰਤ ਕੇ ਫਸਲਾਂ ਉਗਾਉਂਦੇ ਹਨ। ਲੋੜ ਪੈਣ ਤੇ ਮਾਹਿਰਾਂ ਦੀ ਸਲਾਹ ਵੀ ਲੈਂਦੇ ਹਨ।
- ਅੰਨ, ਫਲ, ਸਬਜ਼ੀਆਂ ਆਦਿ ਨੂੰ ਖਾਣ-ਯੋਗ ਬਣਾਉਣ ਲਈ ਯੋਗ ਤਰੀਕਿਆਂ ਨੂੰ ਜਾਨਣਾ ਤੇ ਵਰਤਣਾ ਜ਼ਰੂਰੀ ਹੈ।
- ਇੰਜਨੀਅਰਿੰਗ ਤੇ ਵਿਗਿਆਨ ਦੇ ਗਿਆਨ ਨਾਲ ਵਰਤੋਂ ਦੀਆਂ ਚੀਜ਼ਾਂ, ਮਸ਼ੀਨਾਂ, ਇਮਾਰਤਾਂ, ਸੜਕਾਂ, ਪੁਲ, ਜਹਾਜ਼, ਰਾਕਟ, ਆਦਿ ਬਣਦੇ ਹਨ ਤੇ ਵਰਤੇ ਜਾਂਦੇ ਹਨ।
- ਸਰੀਰ ਦੀ ਬਣਤਰ ਤੇ ਕਾਰਜਸ਼ੀਲਤਾ, ਜੀਵਾਣੂਆਂ, ਦਵਾਈਆਂ ਬਾਰੇ ਗਿਆਨ ਤੋਂ ਬਿਮਾਰੀਆਂ ਦਾ ਇਲਾਜ ਹੁੰਦਾ ਹੈ।

## ਕੋਵਿਡ-19 ਮਹਾਂਮਾਰੀ ਨਾਲ ਸਬੰਧਤ ਕੁਝ ਵਿਚਾਰ

ਸਾਇੰਸਦਾਨਾਂ ਨੇ ਕਰੋਨਾ ਮਹਾਂਮਾਰੀ ਦੇ ਇਲਾਜ ਲੱਭੇ, ਡਾਕਟਰਾਂ ਤੇ ਸਿਹਤ ਕਰਮੀਆਂ ਨੇ ਬਿਮਾਰੀ ਤੋਂ ਬਚਣ ਦੇ ਸਾਧਨ ਦੱਸੇ ਤੇ ਆਪਣੇ ਆਪ ਨੂੰ ਖ਼ਤਰੇ 'ਚ ਪਾ ਕੇ ਬਿਮਾਰਾਂ ਦੇ ਇਲਾਜ ਕੀਤੇ, ਕ੍ਰੋੜਾਂ ਜਾਨਾਂ ਬਚਾਈਆਂ।

**ਸਵਾਲ:** ਜੋਤਸ਼ੀਆਂ, ਤਾਂਤਰਿਕਾਂ, ਪਾਦਰੀਆਂ, ਸੰਤਾਂ, ਸਾਧੂਆਂ, ਬਾਬਿਆਂ, ਬ੍ਰਹਮ-ਗਿਆਨੀਆਂ, ਪੰਡਿਤਾਂ, ਫਕੀਰਾਂ, ਪੁੱਛਾਂ ਦੇਣ ਤੇ ਜਾਦੂ ਟੂਣੇ ਕਰਨ ਵਾਲਿਆਂ, ਲੋਕ-ਪ੍ਰਲੋਕ ਵਿਚ ਸਹਾਈ ਹੋਣ ਵਾਲਿਆਂ, ਆਦਿ ਨੇ ਕਰੋਨਾਂ ਦੀ ਰੋਕ-ਥਾਮ ਲਈ ਕੀ ਕੀਤਾ?

**ਜਵਾਬ**: ਕੁਛ ਵੀ ਤਾਂ ਨਹੀਂ।

ਸਗੋਂ: ਪੈਰੀਂ ਹੱਥ ਲਵਾਉਣ, ਮੱਥਾ ਟਕਾਉਣ, ਸਿਰ ਤੇ ਹੱਥ ਫੇਰ ਕੇ ਅਸ਼ੀਰਵਾਦ ਦੇਣ ਅਤੇ 'ਇਲਾਹੀ' ਪ੍ਰਵਚਨ ਕਰਨ ਵਾਲੇ ਸੰਤ ਮਹਾਤਮਾ ਖ਼ੁਦ ਕਰੋਨਾਂ ਤੋਂ ਬੁਰੀ ਤਰਾਂਹ ਡਰ ਗਏ, ਘਰਾਂ ਡੇਰਿਆਂ ਵਿੱਚ ਲੁਕ ਕੇ ਬੈਠ ਗਏ, ਜਾਂ ਆਪ ਹਸਪਤਾਲਾਂ ਦੇ ਚੱਕਰ ਲਾਉਣ ਲਗ ਪਏ!

**ਕਰੋਨਾ ਨਹੀਂ ਰੁਕੀ**: ਕਿਸੇ ਮੂਰਤੀ ਜਾਂ ਬੁੱਤ ਨੂੰ ਛੂਹ ਕੇ ਮੂੰਹ ਸਿਰ ਉਪਰ ਹੱਥ ਫੇਰਨ ਨਾਲ, ਕਿਸੇ ਦੇ ਪੈਰ ਛੂਹਣ ਜਾਂ ਮੱਥਾ ਟੇਕਣ ਨਾਲ, ਕਿਸੇ ਦੇ 'ਅਸ਼ੀਰਵਾਦ' ਨਾਲ, ਭਾਂਡੇ ਤੇ ਟੱਲ ਖੜਕਾਉਣ ਨਾਲ, ਤੰਤਰਾਂ-ਮੰਤਰਾਂ, ਦਾਨ-ਪੁੰਨ, ਆਦਿ ਨਾਲ ਨਾਂ ਕਰੋਨਾ ਰੁਕਣੀ ਸੀ ਨਾਂ ਰੁਕੀ।

**ਕਿਉਂ**: ਕੀ ਇਹ ਇਸ ਕਰਕੇ ਨਹੀਂ ਕਿ ਇਹਨਾਂ ਪਖੰਡੀਆਂ ਦੇ ਸਾਰੇ ਦਾਹਵੇ ਖੋਖਲੇ ਸਨ। ਕੀ ਇਨ੍ਹਾਂ ਲੋਕਾਂ ਦਾ ਮੁਢ ਤੋਂ ਹੀ ਭੋਲੇ ਭਾਲੇ ਲੋਕਾਂ ਨੂੰ ਵਰਗਲਾਉਣ ਅਤੇ ਉਨ੍ਹਾਂ ਦੀ ਲੁਟ-ਖਸੁਟ ਕਰਨ ਦਾ ਇਹੀ ਤਰੀਕਾ ਨਹੀਂ ਰਿਹਾ?

## ਸਹੀ ਗਿਆਨ ਲੈਣਾ 'ਤੇ ਵਰਤਣਾ ਜ਼ਰੂਰੀ ਹੈ

- ਗੁਰਬਾਣੀ ਅਨੁਸਾਰ ਅਤੇ ਆਮ ਜੀਵਨ ਵਿਚੋਂ ਦਿੱਤੀਆਂ ਉਦਾਹਰਣਾਂ ਤੋਂ ਇਹ ਸਾਫ਼ ਹੈ ਕਿ ਸਾਰਥਿਕ ਗਿਆਨ ਤੋਂ ਬਿਨਾਂ ਕੀਤੇ ਵਾਹਦੇ ਜਾਂ ਦਾਹਵੇ ਝੂਠੇ ਤੇ ਖੋਖਲੇ ਹੁੰਦੇ ਹਨ।

- ਮਨੁੱਖੀ ਜੀਵਨ ਗੁਰਬਾਣੀ ਨੂੰ ਸਿਰਫ ਮੰਨਣ ਜਾਂ ਪੂਜਣ ਨਾਲ ਨਹੀਂ, ਸਗੋਂ ਗੁਰਬਾਣੀ ਗਿਆਨ ਵਰਤਣ ਨਾਲ ਹੀ ਸਫ਼ਲ ਹੋ ਸਕਦਾ ਹੈ।

*ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ॥* (ਪੰਨਾ 597)
*ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਅਏ ਸੰਸਾਰਾ॥* (ਪੰਨਾ 601)
*ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗ ਬਉਰਾਨੰ॥* (ਪੰਨਾ 634)
*ਕਿਆ ਭਵੀਐ ਸਚਿ ਸੂਚਾ ਹੋਇ॥ ਸਾਚ ਸਬਦ ਬਿਨੁ ਮੁਕਤਿ ਨ ਕੋਇ॥* (ਪੰਨਾ 938)

- ਸਹੀ ਅਗਵਾਈ ਲਈ ਸ਼ਬਦ-ਗੁਰੂ ਦੇ ਉਪਦੇਸ਼ ਨੂੰ ਆਪਣੇ ਜੀਵਨ ਦਾ ਅਧਾਰ ਬਨਾਉਣਾ ਜ਼ਰੂਰੀ ਹੈ।
- ਗੁਰਸਿੱਖ ਅੰਤਰ-ਧਿਆਨ ਧਰ ਕੇ ਅਤੇ ਪ੍ਰਭੂ-ਸਤਿਗੁਰ ਦੇ ਗੁਣਾਂ ਨੂੰ ਹਰ ਪਲ ਯਾਦ ਰਖ ਕੇ ਉਸ ਦਾ ਆਤਮਕ ਦਰਸ਼ਨ ਹਿਰਦੇ-ਘਰ ਵਿਚ ਕਰ ਲੈਂਦਾ ਹੈ।
- ਸੱਚਾ ਸਿੱਖ ਸ਼ਬਦ ਦੀ ਵਿਚਾਰ ਕਰਕੇ ਸਤਿਗੁਰੂ ਦੇ ਬਖਸ਼ੇ ਗਿਆਨ ਅਤੇ ਉਪਦੇਸ਼ ਅਨੁਸਾਰ ਨੇਕ ਗੁਣਾਂ ਦੀ ਕਮਾਈ ਕਰਦਾ ਹੈ, ਅਤੇ ਜੀਵਨ-ਮੁਕਤੀ ਵੱਲ ਵਧਦਾ ਹੈ।
- ਗੁਰਬਾਣੀ ਦੀ ਸਿੱਖਿਆ ਜੀਵਨ ਦੇ ਹਰ ਪਹਿਲੂ ਵਿਚ ਮੁਸੀਬਤਾਂ ਦਾ ਬਹਾਦਰੀ ਨਾਲ ਸਾਹਮਣਾ ਕਰਨ ਲਈ ਪ੍ਰੇਰਦੀ ਹੈ।
- ਗੁਰਬਾਣੀ ਅਨੁਸਾਰ ਸੁੱਖ ਅਤੇ ਦੁੱਖ ਕੁਦਰਤ ਦੇ ਨਿਯਮ ਹਨ; ਇਕੋ ਹੀ ਸਿੱਕੇ ਦੇ ਦੋ ਪਾਸੇ ਹਨ। ਸੁੱਖ ਤੇ ਦੁੱਖ ਪ੍ਰਭੂ ਦੇ ਦਰ ਤੋਂ ਮਿਲੇ ਕੱਪੜੇ ਹਨ ਜੋ ਮਨੁੱਖ ਨੂੰ ਪਹਿਨਣੇ ਹੀ ਪੈਂਦੇ ਹਨ। ਸੋ ਦੁੱਖ ਨੂੰ ਛੱਡ ਕੇ ਕੇਵਲ ਸੁੱਖ ਮੰਗਣਾ ਵਿਅਰਥ ਹੈ।

*ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ॥*
*ਸੁਖੁ ਦੁਖੁ ਦੋਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥* (ਪੰਨਾ 149)

*ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥* (ਪੰਨਾ 469)

- ਪਖੰਡੀ ਤੇ ਧੋਖੇਬਾਜ਼ (ਖਾਸ ਕਰਕੇ ਅਖੌਤੀ ਧਾਰਮਿਕ) ਲੋਕ ਝੂਠੀਆਂ ਕਹਾਣੀਆਂ ਤੇ ਕਰਾਮਾਤਾਂ ਬਾਰੇ ਦੱਸ ਕੇ ਭੋਲੇ ਭਾਲੇ ਲੋਕਾਂ ਦੀ ਅਗਿਆਨਤਾ ਤੋਂ ਗ਼ਲਤ ਫਾਇਦਾ ਉਠਾਉਂਦੇ ਹਨ, ਮੁਸੀਬਤਾਂ ਨੂੰ ਦੂਰ ਕਰਨ ਤੇ ਦੁਨਿਆਵੀ ਵਸਤਾਂ ਪ੍ਰਾਪਤ ਕਰਨ ਦੇ ਸੌਖੇ ਲਗਣ ਵਾਲੇ ਤਰੀਕੇ ਦਸ ਕੇ ਵਰਗਲਾਉਂਦੇ ਹਨ, ਅਤੇ ਕਰਮ-ਕਾਂਡਾਂ ਵਿੱਚ ਫਸਾਈ ਰਖਦੇ ਹਨ। ਜਿਵੇਂ ਕਿ ਚੀਜ਼ਾਂ ਵੇਚਣ ਵਾਲੇ ਗਾਹਕਾਂ ਸਾਹਮਣੇ ਆਪਣੇ ਸਮਾਨ ਦੀਆਂ ਝੂਠੀਆਂ ਜਾਂ ਵਧਾ ਚੜ੍ਹਾ ਕੇ ਤਾਰੀਫਾਂ ਕਰਦੇ ਹਨ।
- ਮਾਸੂਮ ਤੇ ਗਿਆਨ-ਵਿਹੂਣੇ ਲੋਕ ਇਨ੍ਹਾਂ ਫੋਕੇ ਦਾਅਵਿਆਂ ਨੂੰ ਸੱਚ ਮੰਨ ਕੇ ਪੈਸਾ ਤੇ ਦਾਨ ਵਗੈਰਾ ਦੇ ਕੇ ਮੁਸੀਬਤਾਂ ਦੇ ਹੱਲ ਲੱਭਦੇ ਹਨ, ਪਰ ਬਿਨਾਂ ਕੁਝ ਹੱਥ-ਪੱਲੇ ਪਿਆਂ ਲੁਟੀਂਦੇ ਰਹਿੰਦੇ ਹਨ।
- ਇਸ ਲਈ ਗੁਰਬਾਣੀ ਦਾ ਸਹੀ ਗਿਆਨ ਹੋਣਾ ਅਤੇ ਉਸ ਉਤੇ ਅਮਲ ਕਰਨਾ ਅਤੀ ਜ਼ਰੂਰੀ ਹੈ।
- ਗੁਰਬਾਣੀ ਸਹੀ ਤੇ ਸੱਚਾ ਰਸਤਾ ਦਿਖਾਉਂਦੀ ਹੈ, ਪ੍ਰੰਤੂ ਇਸ ਲਈ ਪ੍ਰਮਾਤਮਾ ਦੀ ਮਿਹਰ ਜ਼ਰੂਰੀ ਹੈ।

*ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥* (ਪੰਨਾ 67)
*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥* (ਪੰਨਾ 4)
*ਮੇਰੇ ਮਨ ਹਰਿ ਕਾ ਨਾਮ ਧਿਆਇ॥ ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ॥* (ਪੰਨਾ 35)

*ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ॥ ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ॥* (ਪੰਨਾ 257)

*ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ॥ ਝੂਠਾ ਲਾਹਿ ਗੁਮਾਨੁ ਮਨੁ ਤਨੁ ਅਰਪਿ ਧਰਿ॥* (ਪੰਨਾ 397)

*ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥* (ਪੰਨਾ 594)

*ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥ ਗੁਰੂ ਦੁਆਰੈ ਹੋਇ ਸੋਝੀ ਪਾਇਸੀ॥ ਏਤੁ ਦੁਆਰੈ ਧੋਇ ਹਛਾ ਹੋਇਸੀ॥* (ਪੰਨਾ 730)

ਖੇਤੀ ਤੇ ਵਪਾਰ ਦੀਆਂ ਉਦਾਹਰਣਾਂ:

*ਅਮਲੁ ਕਰ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ॥ ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ॥* (ਪੰਨਾ 24)

*ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ॥ ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ॥* (ਪੰਨਾ 23)

*ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥* (ਪੰਨਾ 418)

- ਗੁਰਬਾਣੀ ਵਿਚ ਸ਼ਬਦ ਗੁਰੂ ਦੇ ਉਪਦੇਸ਼ ਨੂੰ ਹੀ ਗੁਰੂ ਮੰਨਿਆ ਗਿਆ ਹੈ।
- ਭਾਵੇਂ ਵਿਅਕਤੀ ਰੂਪ ਵਿਚ ਦਸ ਗੁਰੂ ਸਾਹਿਬਾਨ ਪ੍ਰਗਟ ਹੋਏ, ਪਰ ਉਨ੍ਹਾਂ ਵੀ 'ਸ਼ਬਦ' ਨੂੰ ਹੀ ਆਪਣਾ ਗੁਰੂ ਮੰਨਿਆ।
- ਗੁਰੂ ਗੋਬਿੰਦ ਸਿੰਘ ਜੀ ਨੇ ਸ਼ਬਦ-ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਤੇ ਬਿਰਾਜਮਾਨ ਕੀਤਾ।

**ਸਾਰਅੰਸ਼**

- ਅਸੀਂ ਕੁਦਰਤ ਦੇ ਨਿਯਮਾਂ ਨੂੰ ਚੰਗੀ ਤਰ੍ਹਾਂ ਸਮਝ ਕੇ ਹੀ ਜੀਵਨ ਵਿਚ ਵਰਤ ਸਕਦੇ ਹਾਂ।
- ਗੁਰਬਾਣੀ ਦਾ ਉਪਦੇਸ਼ ਹੈ ਕਿ ਗਿਆਨ ਹਾਸਲ ਕਰੋ, ਲਕੀਰ ਦੇ ਫਕੀਰ ਨਾ ਬਣੋ।
- ਗੁਰਬਾਣੀ ਸਮਝ ਕੇ ਅਮਲ ਕਰਨ ਦਾ ਵਿਸ਼ਾ ਹੈ, ਪੂਜਣ ਜਾਂ ਸਿਰਫ ਮੰਨਣ ਦਾ ਨਹੀਂ।
- ਪੂਜਾ ਵਾਂਗ ਗੁਰਬਾਣੀ ਨੂੰ ਮੰਨਣ ਅਤੇ ਕਰਮਕਾਂਡ ਕਰਨ ਨਾਲ ਜੀਵਨ ਸਫਲ ਨਹੀਂ ਹੋ ਸਕਦਾ। ਸਗੋਂ ਇਸ ਨਾਲ ਭੰਬਲਭੂਸਾ ਤੇ ਦਵੈਤ ਭਾਵ ਪੈਦਾ ਹੁੰਦਾ ਹੈ।
- ਜ਼ਰੂਰੀ ਹੈ ਕਿ ਹਰ ਧਰਮ ਅਸਥਾਨ ਤੇ ਦੱਸਿਆ ਜਾਵੇ ਕਿ ਇਹ ਸ਼ਬਦ-ਗੁਰੂ ਤੋਂ ਸਿਖਿਆ ਲੈਣ ਦਾ ਕੇਂਦਰ ਹੈ, ਸਿਰਫ ਪੂਜਾ ਕਰਨ ਜਾਂ ਦਿਖਾਵੇ ਵਾਲੀਆਂ ਰਹੁ-ਰੀਤਾਂ ਤੇ ਰਸਮਾਂ ਕਰਨ ਦਾ ਨਹੀਂ।
- ਗੁਰੂ-ਗਿਆਨ ਦੀ ਸੋਝੀ ਨਾਲ ਜਦੋਂ ਅਸੀਂ ਵਾਹਿਗੁਰੂ ਦੇ ਨਿਰਗੁਣ ਸਰੂਪ ਨੂੰ ਅਰਾਧ ਕੇ ਗੁਰੂ ਦੁਆਰਾ ਬਖਸ਼ੀ ਵਿਧੀ ਨਾਲ ਜੀਵਨ ਜੀਵਾਂਗੇ ਤਾਂ ਅਸੀਂ ਪ੍ਰਭੂ-ਕ੍ਰਿਪਾ ਦੇ ਯੋਗ ਹੋ ਕੇ ਸਹੀ ਅਰਥਾਂ ਵਿੱਚ ਗੁਰਸਿੱਖ ਬਣ ਸਕਾਂਗੇ।
- ਵਾਹਿਗੁਰੂ ਦੀਆਂ ਦਾਤਾਂ ਲਈ ਸ਼ੁਕਰਾਨਾ ਕਰਕੇ ਅਸੀਂ ਸੁੱਖਾਂ ਨੂੰ ਮਾਣ ਸਕਾਂਗੇ ਅਤੇ ਦੁੱਖ ਦਾ ਦਲੇਰੀ ਨਾਲ ਸਾਹਮਣਾ ਕਰ ਸਕਾਂਗੇ।
- ਗੁਰੂ-ਗਿਆਨ ਦੀ ਰੌਸ਼ਨੀ ਨਾਲ ਸਾਡੇ ਹਿਰਦੇ-ਘਰ ਸਹੀ ਅਰਥਾਂ ਵਿੱਚ ਧਰਮਸਾਲ ਬਣ ਜਾਣਗੇ, ਅਤੇ ਸੰਸਾਰ ਵਿੱਚ ਵਿਚਰਦੇ ਹੋਏ ਅਸੀਂ ਵਿਖਾਵੇ, ਦੰਭ, ਅਤੇ ਦਵੈਤ-ਭਾਵ ਤੋਂ ਬਚੇ ਰਹਾਂਗੇ।

*ਸ਼ਬਦ ਭਾਵ ਦੀਆਂ ਗਲਤੀਆਂ ਲਈ ਮੁਆਫੀ ਦੇਣੀ ਜੀ।*


## ਸਿੱਖ ਨੌਜਵਾਨਾਂ ਦੀ ਸਫ਼ਲਤਾ ਲਈ ਜਪੁਜੀ ਅਤੇ ਸੁਖਮਨੀ ਸਾਹਿਬ ਦੀ ਸੰਖੇਪ ਸਿਖਿਆ- ਭਾਗ 3


ਡਾ. ਸਰਦਾਰ ਸੁਖਮੰਦਰ ਸਿੰਘ, ਸਾਂਟਾ ਕਲਾਰਾ, ਕੈਲੀਫੋਰਨੀਆਂ, ਅਮਰੀਕਾ ਅਤੇ

ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ, ਐਲਬਰਟਾ (ਕੈਨੇਡਾ)


(ਲੜੀ ਜੋੜਨ ਲਈ ਭਾਗ 1 ਤੇ 2 ਪਿਛਲੇ ਅੰਕਾਂ ਵਿਚ ਪੜ੍ਹੋ ਜੀ)



### ਸੁਖਮਨੀ ਸਾਹਿਬ ਵਿਚੋਂ ਵਿਸ਼ੇਸ਼ ਸਿਖਿਆਵਾਂ

ਸੁਖਮਨੀ ਸਾਹਿਬ ਹਰਮਨ ਪਿਆਰੀ ਗੁਰਬਾਣੀ ਹੈ ਜੋ ਗੁਰਦੁਆਰਿਆਂ ਅਤੇ ਸੰਗਤਾਂ ਵਿੱਚ ਨਿਯਮਤ ਰੂਪ ਵਿੱਚ ਪੜੀ ਜਾਂਦੀ ਹੈ, ਜਿਸ ਵਿੱਚ ਹਰ ਕੋਈ ਉਤਸ਼ਾਹ ਨਾਲ ਹਿੱਸਾ ਲੈਂਦਾ ਹੈ। 'ਸੁਖਮਨੀ' ਇਸ ਵਿਚਾਰ ਦੀ ਵਿਆਖਿਆ ਹੈ ਕਿ ਗੁਰਮੁਖਾਂ ਦੁਆਰਾ (ਪਰਮਾਤਮਾ ਦੀ ਰਜ਼ਾ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਵਾਲੇ) ਪਰਮਾਤਮਾ ਅੱਗੇ ਅਰਦਾਸ ਕਰਨਾ ਸਾਰੇ ਸੁਖਾਂ ਦੀ ਜੜ੍ਹ ਹੈ ਅਤੇ ਉਹ ਉਹਨਾਂ ਦੇ ਹਿਰਦੇ ਵਿੱਚ ਵੱਸਦਾ ਹੈ (ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ, ਭਗਤ ਜਨਾ ਕੈ ਮਨ ਬਿਸਰਾਮ)।

ਵੱਖ-ਵੱਖ ਪਉੜੀਆਂ (ਭਾਗਾਂ) ਦੇ ਸੰਖੇਪ ਸੰਦੇਸ਼ ਇਸ ਪ੍ਰਕਾਰ ਹਨ:

- ❖ ਅਕਾਲ-ਪੁਰਖ ਦੇ ਨਾਮ ਦਾ ਸਿਮਰਨ ਬਾਕੀ ਸਾਰੇ ਧਾਰਮਿਕ ਕੰਮਾਂ ਨਾਲੋਂ ਉੱਤਮ ਹੈ। (ਅਸਟਪਦੀ 1, 2, 3)
- ❖ ਪਰਮਾਤਮਾ ਮਿਹਰ ਕਰੇ ਤਾਂ ਹੀ ਨਾਮ ਦੀ ਦਾਤ ਮਿਲਦੀ ਹੈ; ਨਹੀਂ ਤਾਂ ਜੀਵ ਉੱਤੇ ਮਾਇਆ ਦਾ ਮਾੜਾ ਪ੍ਰਭਾਵ ਬਣਿਆਂ ਰਹਿੰਦਾ ਹੈ। (ਅਸਟਪਦੀ ੪, ੫, ੬)

- ❖ ਜਦੋਂ ਪ੍ਰਭੂ ਦੀ ਮਿਹਰ ਹੁੰਦੀ ਹੈ ਤਾਂ ਮਨੁੱਖ ਨੂੰ ਗੁਰਮੁਖਾਂ ਦੀ ਸੰਗਤ ਵਿਚ ਰਹਿ ਕੇ 'ਨਾਮ' ਦੀ ਦਾਤ ਮਿਲਦੀ ਹੈ। ਅਕਾਲ-ਪੁਰਖ ਗੁਰਮੁਖਾਂ ਨੂੰ ਉੱਚੇ ਚੁੱਕਣ ਵਾਲਾ ਹੈ। ਉਨ੍ਹਾਂ ਨੂੰ ਸੰਤ, ਬ੍ਰਹਮ ਗਿਆਨੀ ਜਾਂ ਕੋਈ ਹੋਰ ਨਾਮ ਨਾਲ ਸੰਬੋਧਨ ਕਰੀਏ। ਗੁਰਮੁਖਾਂ ਦੀ ਆਤਮਾ ਹਮੇਸ਼ਾਂ ਪਰਮਾਤਮਾ ਨਾਲ ਜੁੜੀ ਰਹਿੰਦੀ ਹੈ। (ਅਸਟਪਦੀ ੭, ੮, ੯)

- ❖ ਸੰਸਾਰ ਦੇ ਸਾਰੇ ਜੀਵ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਕਰ ਰਹੇ ਹਨ। ਉਹ ਹਰ ਥਾਂ ਹੈ। ਹਰ ਜੀਵ ਉਸ ਤੋਂ ਤਾਕਤ ਪ੍ਰਾਪਤ ਕਰਦਾ ਹੈ। (ਅਸਟਪਦੀ 10, 11)

- ❖ ਭਾਗਾਂ ਵਾਲੇ ਹਨ ਜੋ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਹਨ। ਸਾਨੂੰ ਆਪਣੇ ਜੀਵਨ ਵਿੱਚ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਨਿਮਰਤਾ ਵਿਚ ਰਹੀਏ (ਅਸਟਪਦੀ 12), ਨਿੰਦਿਆ ਤੋਂ ਬਚੀਏ (ਅਸਟਪਦੀ 13), ਅਤੇ ਕੇਵਲ ਅਕਾਲ-ਪੁਰਖ ਉੱਤੇ ਭਰੋਸਾ ਰੱਖੀਏ। ਕੇਵਲ ਇੱਕ ਪ੍ਰਭੂ ਹੈ ਜੋ ਹਰ ਜੀਵ ਦੀਆਂ ਲੋੜਾਂ ਨੂੰ ਜਾਣਦਾ ਅਤੇ ਪੂਰਾ ਕਰਦਾ ਹੈ। (ਅਸਟਪਦੀ ੧੪, ੧੫)

- ❖ ਅਕਾਲ-ਪੁਰਖ, ਸਭ ਵਿਚ ਵੱਸਦਾ ਹੈ ਤੇ ਭਰਮ ਤੋਂ ਨਿਰਲੇਪ ਹੈ (ਅਸਟਪਦੀ 16)

- ❖ ਉਹ ਸਦੀਵੀ ਹੈ (ਅਸਟਪਦੀ 17)

- ❖ ਸਤਿਗੁਰੂ ਪ੍ਰਾਣੀ ਦੇ ਹਿਰਦੇ ਵਿਚ ਵਸਦਾ ਹੈ (ਅਸਟਪਦੀ 18)

- ❖ ਪ੍ਰਭੂ ਦਾ ਨਾਮ ਇੱਕ ਐਸਾ ਖ਼ਜ਼ਾਨਾ ਹੈ ਜੋ ਸਦਾ ਮਨੁੱਖ ਦੇ ਨਾਲ ਰਹਿੰਦਾ ਹੈ (ਅਸਟਪਦੀ 19)

- ❖ ਪ੍ਰਭੂ ਅੱਗੇ ਅਰਦਾਸ ਕਰਨ ਨਾਲ ਇਹ ਖ਼ਜ਼ਾਨਾ ਪ੍ਰਾਪਤ ਹੁੰਦਾ ਹੈ (ਅਸਟਪਦੀ 20)

- ❖ ਨਿਰਗੁਣ-ਸਰੂਪ ਪ੍ਰਭੂ ਨੇ ਜਗਤ-ਸਰੂਪ (ਉਸ ਦਾ ਸਰਗੁਣ ਸਰੂਪ) ਬਣਾਇਆ ਹੈ। ਉਹ ਆਪ ਹੀ ਹਰ ਥਾਂ ਵਿਆਪਕ ਹੈ, ਹੋਰ ਕੋਈ ਨਹੀਂ। (ਅਸਟਪਦੀ 21, 22)

- ❖ ਜਦੋਂ ਮਨੁੱਖ ਨੂੰ ਸਤਿਗੁਰੂ ਦਾ ਗਿਆਨ-ਰੂਪ ਪ੍ਰਾਪਤ ਹੁੰਦਾ ਹੈ, ਤਦੋਂ ਹੀ ਉਸ ਦੇ ਮਨ ਵਿਚ ਇਹ ਚਾਨਣ ਹੁੰਦਾ ਹੈ ਕਿ ਪ੍ਰਭੂ ਹਰ ਥਾਂ ਮੌਜੂਦ ਹੈ (ਅਸਟਪਦੀ ੨੩)

- ❖ ਪ੍ਰਭੂ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ। ਉਸ ਦੇ ਨਾਮ ਦਾ ਸਿਮਰਨ ਕਰਨ ਦੁਆਰਾ, ਮਨੁੱਖ ਬੇਅੰਤ ਗੁਣਾਂ ਦੀ ਪ੍ਰਾਪਤੀ ਕਰਦਾ ਹੈ, ਅਤੇ ਇਸ ਲਈ 'ਨਾਮ' ਸੁਖ ਦਾ ਮੋਤੀ ਹੈ (ਅਸਟਪਦੀ ੨੪)

ਦੂਜੇ ਸ਼ਬਦਾਂ ਵਿਚ, ਪ੍ਰਮਾਤਮਾ ਦੀਆਂ ਬਖਸ਼ਿਸ਼ਾਂ ਸੁਖਮਨੀ ਸਾਹਿਬ ਦੇ ਪ੍ਰਮੁੱਖ ਸੰਦੇਸ਼ ਹਨ। ਇਹ ਨਾਮ ਜਪਣ ਦੇ ਮਹੱਤਵ ਅਤੇ ਲਾਭਾਂ ਨਾਲ ਸ਼ੁਰੂ ਹੁੰਦੇ ਹਨ। ਪਰਮਾਤਮਾ ਦੀ ਹਜ਼ੂਰੀ ਦਾ ਅਭਿਆਸ ਕਰਕੇ, ਇਕਸੁਰਤਾ ਵਿਚ ਰਹਿ ਕੇ ਅਤੇ ਉਸ ਨਾਲ ਪਿਆਰ ਕਰਨ ਦੁਆਰਾ ਉੱਪਰ ਦੱਸੇ ਗਏ ਪਰਮਾਤਮਾ ਦੇ ਪਿਆਰ ਨੂੰ ਪ੍ਰਗਟ ਕਰਨਾ ਹੈ।

ਜਿਉਂ ਜਿਉਂ ਸੁਖਮਨੀ ਦੇ ਸੰਦੇਸ਼ ਦੀ ਸਮਝ ਵਧਦੀ ਹੈ, ਪ੍ਰਾਣੀ ਹੁਣ ਇਕੱਲਾਪਣ, ਉਦਾਸੀ ਜਾਂ ਸਰੀਰਕ ਦਰਦ ਮਹਿਸੂਸ ਨਹੀਂ ਕਰਦਾ, ਸਗੋਂ ਸੱਚੀ ਸ਼ਾਂਤੀ ਮਹਿਸੂਸ ਕਰਦਾ ਹੈ। ਰੱਬੀ ਮਿਹਰ ਵਿੱਚ ਇੰਨਾ ਵਧੀਆ ਵਿਸ਼ਵਾਸ ਬਣਦਾ ਹੈ ਕਿ ਜੀਵਨ ਦੇ ਉਤਰਾਅ-ਚੜ੍ਹਾਅ ਜਾਂ ਰੁਕਾਵਟਾਂ ਵਰਗੇ ਤੂਫਾਨ ਇਸ ਨੂੰ ਹਿਲਾ ਨਹੀਂ ਸਕਦੇ। ਇਹ ਅਹਿਸਾਸ ਕਿ ਅਕਾਲ-ਪੁਰਖ ਮੂਲ ਹੈ, ਜੀਵਨ ਦਾ ਸਭ ਤੋਂ ਉੱਚਾ ਅਨੁਭਵ ਹੈ।

## ਸਾਰਅੰਸ਼:

ਕੁੱਲ ਮਿਲਾ ਕੇ, ਜਪੁਜੀ, ਸੁਖਮਨੀ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਹੋਰ ਬਾਣੀਆਂ ਦਾ ਸੰਦੇਸ਼ ਹੈ ਕਿ ਨਾਮ ਦਾ ਅਭਿਆਸ ਕਰਨ ਨਾਲ ਵਿਅਕਤੀ ਪਰਮਾਤਮਾ ਦੀ ਮੌਜੂਦਗੀ ਨੂੰ ਮਹਿਸੂਸ ਕਰ ਸਕਦਾ ਹੈ। ਪ੍ਰਭੂ ਨਾਲ ਪਿਆਰ ਪੈ ਜਾਂਦਾ ਹੈ ਤਾਂ ਉਸ ਨਾਲ ਇਕ ਮਿੱਕ ਹੋਣ ਦਾ ਅਨੁਭਵ ਕਰ ਸਕਦਾ ਹੈ। ਇਹ ਸਬੰਧ ਅਣਚਾਹੇ ਦੁਸ਼ਟ ਵਿਚਾਰਾਂ ਦੀਆਂ ਪਰਤਾਂ ਨੂੰ ਇੱਕ-ਇੱਕ ਕਰਕੇ ਧੋ ਕੇ ਅੰਤ ਵਿੱਚ ਨਿਰਮਲ ਵਿਚਾਰਾਂ ਨੂੰ ਪ੍ਰਗਟ ਕਰਦਾ ਹੈ। ਕਿੰਨਾ ਸਮਾਂ ਲਗੇਗਾ, ਇਹ ਗਲਤ ਪਰਤਾਂ ਦੀ ਸੰਖਿਆ ਤੇ ਨਿਰਭਰ ਕਰਦਾ ਹੈ ਅਤੇ ਤੁਸੀਂ ਕਿੰਨੀ ਤੇਜ਼ੀ ਨਾਲ ਸਿੱਖਦੇ ਹੋ। ਇਸ ਲਈ ਵੱਖ-ਵੱਖ ਵਿਅਕਤੀਆਂ ਲਈ ਵੱਖ-ਵੱਖ ਸਮਾਂ ਲਗਦਾ ਹੈ।

ਇਸ ਤਰ੍ਹਾਂ, ਕੁਝ ਦੂਜਿਆਂ ਨਾਲੋਂ ਜਲਦੀ ਉੱਥੇ ਪਹੁੰਚ ਜਾਂਦੇ ਹਨ। ਪਰ ਧੀਰਜ ਰੱਖਣਾ ਚਾਹੀਦਾ ਹੈ ਅਤੇ ਸੰਘਰਸ਼ ਜਾਰੀ ਰੱਖਣਾ ਚਾਹੀਦਾ ਹੈ। ਕਿਉਂਕਿ ਵਿਦਿਆਰਥੀ ਡਿਗਰੀਆਂ ਪ੍ਰਾਪਤ ਕਰਨ ਲਈ ਸਾਲਾਂ ਦੇ ਸੰਘਰਸ਼ ਵਿੱਚੋਂ ਲੰਘਦੇ ਹਨ। ਇਹ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਸਿਰਫ਼ ਆਪਣੇ ਆਪ (ਜਾਂ ਕਿਸੇ ਹੋਰ ਦੁਆਰਾ) ਪਾਠ ਕਰਨ ਨਾਲ ਕੋਈ ਲਾਭ ਨਹੀਂ ਹੁੰਦਾ, ਗੁਰਬਾਣੀ ਦੀ ਸਿਖਿਆ ਜੀਵਨ ਵਿਚ ਵਰਤ ਕੇ ਹੀ ਜੀਵਨ ਸਫਲ ਹੋ ਸਕਦਾ ਹੈ। ਸੰਖੇਪ ਰੂਪ ਵਿੱਚ, ਅਕਾਲ-ਪੁਰਖ ਦੀ ਮਿਹਰ ਦੀ ਹਮੇਸ਼ਾਂ ਲੋੜ ਹੈ, ਜੋ ਨਿਮਰਤਾ ਅਤੇ ਪਿਆਰ ਨਾਲ ਨਾਮ ਜਪਿਆਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਪ੍ਰਾਪਤ ਹੋਇਆ ਰੱਬੀ ਗਿਆਨ ਅਟੁੱਟ ਅੰਦਰੂਨੀ ਸ਼ਾਂਤੀ ਨਾਲ ਚੜ੍ਹਦੀ ਕਲਾ ਬਖਸ਼ੇਗਾ, ਅਤੇ ਸੰਦੇਸ਼ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਬਤੀਤ ਕਰਕੇ ਹੀ ਜੀਵਨ ਸਫਲ ਹੋਵੇਗਾ। ਨਿਚੋੜ ਵਿਚ, ਉਪਰੋਕਤ ਉਦੇਸ਼ਾਂ ਦੀ ਪ੍ਰਾਪਤੀ ਲਈ ਗੁਰਬਾਣੀ ਵਿੱਚੋਂ ਪਵਿਤਰ ਸ਼ਬਦ ਇਸ ਪ੍ਰਕਾਰ ਹੈ:

### ਗਉੜੀ ਮਹਲਾ ੫॥

ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨੁ ਸਭ ਗੁਨ ਤੇਰੇ॥੧॥ ਰਹਾਉ॥ ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ॥ ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ॥੧॥ ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ॥ ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ॥੨॥ ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ॥ ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ॥੩॥ ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥ ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ॥੪॥੪॥੧੨੫॥ (ਪੰਨਾ 206)

ਵਿਚਾਰਾਂ ਦੀਆਂ ਭੁਲਾਂ ਲਈ ਮੁਆਫੀ ਜੀ।

# ਬਜ਼ੁਰਗਾਂ ਬਿਨਾ ਸੁੰਨੇ ਵਿਹੜੇ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)



ਕੋਈ ਸਮਾਂ ਸੀ- ਬਜ਼ੁਰਗ ਘਰ ਦੀ ਸ਼ਾਨ ਹੁੰਦੇ ਸਨ, ਉਹਨਾਂ ਨਾਲ ਘਰ ਭਰਿਆ-ਭਰਿਆ ਲਗਦਾ। ਵਿਹੜੇ ਜਾਂ ਡਿਉੜੀ ਵਿਚ ਬਜ਼ੁਰਗ ਨੇ ਮੰਜੇ ਤੇ ਬੈਠੇ ਹੋਣਾ, ਹਰ ਕਿਸੇ ਆਉਣ ਜਾਣ ਵਾਲੇ ਨੇ ਉਹਨਾਂ ਨੂੰ ਬੁਲਾ ਕੇ ਜਾਣਾ। ਬਜ਼ੁਰਗਾਂ ਦੇ ਹੁੰਦਿਆਂ, ਪੁੱਤਰ ਨਿਸ਼ਚਿੰਤ ਹੋ ਕੇ ਬਾਹਰ ਦੇ ਸਾਰੇ ਕੰਮ ਕਰਦਾ। ਉਸਨੂੰ ਘਰ ਦੀ ਕੋਈ ਚਿੰਤਾ ਨਾ ਹੁੰਦੀ, ਕਿਉਂਕਿ ਬਾਹਰੋਂ ਆਏ ਹਰ ਸ਼ਖਸ ਦੀ ਬਜ਼ੁਰਗ ਪਹਿਲਾਂ ਪੁੱਛ-ਪੜਤਾਲ ਕਰਦੇ ਤੇ ਫਿਰ ਅੱਗੇ ਜਾਣ ਦਿੰਦੇ। ਬਜ਼ੁਰਗਾਂ ਨੂੰ ਘਰ ਦਾ ਜਿੰਦਰਾ ਵੀ ਕਿਹਾ ਜਾਂਦਾ, ਕਿਉਂਕਿ ਉਹਨਾਂ ਦੇ ਬੈਠਿਆਂ ਕਦੇ ਜਿੰਦਰੇ ਦੀ ਲੋੜ ਹੀ ਨਹੀ ਸੀ ਪੈਂਦੀ।

ਬਹੁਤੇ ਕੰਮਾਂ ਵਿੱਚ ਬਜ਼ੁਰਗਾਂ ਦੀ ਸਲਾਹ ਜਰੂਰ ਪੁੱਛੀ ਜਾਂਦੀ, ਕਿਉਂਕਿ ਉਹਨਾਂ ਕੋਲ ਜ਼ਿੰਦਗੀ ਦੇ ਤਜਰਬੇ ਦਾ ਅਨਮੋਲ ਖਜ਼ਾਨਾ ਹੁੰਦਾ ਸੀ। ਬਜ਼ੁਰਗ ਆਪਣੇ ਪੋਤੇ-ਪੋਤੀਆਂ ਨਾਲ ਖੁਸ਼ ਰਹਿੰਦੇ ਅਤੇ ਪਰਿਵਾਰ ਦੇ ਬਾਕੀ ਮੈਂਬਰ ਬੱਚਿਆਂ ਤੋਂ ਬੇ-ਫਿਕਰੇ ਹੋ ਕੇ ਕਮਾਈਆਂ ਕਰਦੇ। ਪਰ ਹੁਣ ਜ਼ਮਾਨਾ ਬਦਲ ਗਿਆ ਹੈ। ਅੱਜ ਕੋਈ ਵਿਰਲਾ ਟਾਵਾਂ ਹੀ ਘਰ ਹੋਏਗਾ ਜਿਸ ਵਿਚ ਕੋਈ ਬਜ਼ੁਰਗ ਦਿਖਾਈ ਦਿੰਦਾ ਹੋਵੇ। ਅੱਜ ਘਰਾਂ ਦੇ ਵਿਹੜੇ ਬਜ਼ੁਰਗਾਂ ਬਿਨਾਂ ਸੁੰਨੇ ਜਾਪਦੇ ਹਨ। ਬਹੁਤੇ ਪਰਿਵਾਰ ਤਾਂ ਬਜ਼ੁਰਗਾਂ ਨੂੰ ਨਾਲ ਹੀ ਨਹੀ ਰੱਖਦੇ। ਜੋ ਮਜਬੂਰੀ ਵੱਸ ਰੱਖਦੇ ਵੀ ਹਨ, ਉਹ ਬਣਦਾ ਸਤਿਕਾਰ ਨਹੀ ਦਿੰਦੇ। ਜਿਹਨਾਂ ਘਰਾਂ ਵਿਚ ਸਚਮੁੱਚ ਬਜ਼ੁਰਗਾਂ ਦਾ ਆਦਰ ਹੁੰਦਾ ਹੈ, ਉਹ ਘਰ ਸਵਰਗ ਹਨ। ਪਰ ਅਜੇਹੇ ਪਰਿਵਾਰਾਂ ਦੀ ਗਿਣਤੀ ਤਾਂ ਆਟੇ ਵਿਚ ਲੂਣ ਦੇ ਬਰਾਬਰ ਹੀ ਰਹਿ ਗਈ ਹੈ।

ਅੱਜਕਲ ਦੀ ਤੇਜ਼ ਰਫਤਾਰ ਜ਼ਿੰਦਗੀ ਵਿਚ, ਮਾਇਆ ਦੀ ਅੰਨ੍ਹੀ ਦੌੜ ਨੇ ਇਨਸਾਨ ਲਈ ਰਿਸ਼ਤਿਆਂ ਦੀ ਕੋਈ ਅਹਿਮੀਅਤ ਹੀ ਨਹੀ ਛੱਡੀ। ਖ਼ੂਨ ਦੇ ਰਿਸ਼ਤੇ ਹੁਣ ਸਫੈਦ ਹੋ ਗਏ ਹਨ, ਹਰ ਰਿਸ਼ਤਾ ਹੁਣ ਮਤਲਬ ਦਾ ਰਹਿ ਗਿਆ ਹੈ, ਚਾਹੇ ਉਹ ਸਕੇ ਮਾਂ-ਪਿਉ ਦਾ ਹੀ ਕਿਉਂ ਨਾ ਹੋਵੇ। ਜਿਹਨਾਂ ਮਾਪਿਆਂ ਨੇ ਆਪਣੀ ਸਾਰੀ ਜ਼ਿੰਦਗੀ ਸੰਘਰਸ਼ ਕਰਕੇ, ਆਪਣੀਆਂ ਖੁਸ਼ੀਆਂ ਦਾਅ ਤੇ ਲਾ ਕੇ, ਆਪਣੇ ਪੁੱਤਰਾਂ ਨੂੰ ਬੜੇ ਚਾਵਾਂ ਨਾਲ ਪਾਲਿਆ-ਪੋਸਿਆ, ਪੜ੍ਹਾਇਆ-ਲਿਖਾਇਆ, ਵਿਆਹਿਆ ਅਤੇ ਆਪਣੇ ਪੈਰਾਂ ਤੇ ਖੜ੍ਹਨ ਜੋਗੇ ਕੀਤਾ ਹੁੰਦਾ ਹੈ, ਉਹੀ ਪੁੱਤਰ ਬੁੱਢੇ ਮਾਂ-ਪਿਉ ਨੂੰ ਵਾਧੂ ਜਿਹਾ ਬੋਝ ਸਮਝਣ ਲੱਗ ਜਾਂਦੇ ਹਨ। ਉਹ ਸ਼ਾਇਦ ਇਹ ਭੁੱਲ ਜਾਂਦੇ ਹਨ ਕਿ ਕੁੱਝ ਹੀ ਸਾਲਾਂ ਬਾਅਦ, ਉਹਨਾਂ ਨੂੰ ਵੀ ਇਹਨਾਂ ਹੀ ਹਾਲਾਤਾਂ ਵਿਚੋਂ ਗੁਜ਼ਰਨਾ ਪਏਗਾ, ਕਿਉਂਕਿ ਇਨਸਾਨ ਜੋ ਬੀਜਦਾ ਹੈ ਉਹੀ ਵੱਢਦਾ ਹੈ।

ਜਿਹਨਾਂ ਮਾਪਿਆਂ ਨੇ ਆਪਣੇ ਚਾਰ-ਚਾਰ ਬੱਚਿਆਂ ਦੀ ਦੇਖ ਭਾਲ ਘੱਟ ਕਮਾਈ ਨਾਲ, ਸਬਰ-ਸੰਤੋਖ ਅਤੇ ਸੰਜਮ ਨਾਲ, ਇਕੱਲੇ ਹੀ ਬੜੇ ਸੁਚੱਜੇ ਢੰਗ ਨਾਲ ਕੀਤੀ ਹੁੰਦੀ ਹੈ, ਉਹਨਾਂ ਦੇ ਬਜ਼ੁਰਗ ਹੋਣ ਤੇ, ਸਾਰੇ ਬੱਚੇ ਰਲ ਕੇ ਵੀ ਉਹਨਾਂ ਦੀ ਦੇਖ ਭਾਲ ਨਹੀਂ ਕਰ ਸਕਦੇ, ਜੋ ਬੜੀ ਹੈਰਾਨੀ ਦੀ ਗੱਲ ਹੈ। ਉਹਨਾਂ ਵਿਚਾਰਿਆਂ ਦਾ ਦੁੱਖ ਸੁਨਣ ਜੋਗੀਆਂ, ਕੇਵਲ ਧੀਆਂ ਹੀ ਰਹਿ ਜਾਂਦੀਆਂ ਹਨ। ਪਰ ਉਹ ਵੀ ਆਪਣੇ ਸਹੁਰਿਆਂ ਦੀਆਂ ਮਜਬੂਰੀਆਂ ਕਾਰਨ ਆਪਣੇ ਕੋਲ ਰੱਖ ਕੇ ਸੇਵਾ ਕਰਨ ਤੋਂ ਅਸਮਰੱਥ ਹੁੰਦੀਆਂ ਹਨ।

ਜਿਸ ਘਰ ਨੂੰ ਮਾਪਿਆਂ ਨੇ ਬੜੀਆਂ ਰੀਝਾਂ ਨਾਲ ਤੀਲਾ-ਤੀਲਾ ਜੋੜ ਕੇ ਬਣਾਇਆ ਹੁੰਦਾ ਹੈ, ਉਸ ਘਰ ਵਿੱਚ ਉਹਨਾਂ ਦੀ ਥਾਂ ਇਕ ਨੁੱਕਰੇ ਰਹਿ ਜਾਂਦੀ ਹੈ, ਕਿਉਂਕਿ ਅਜਕੱਲ ਹਰੇਕ ਬੱਚੇ ਨੂੰ ਵੱਖਰੇ ਬੈੱਡ ਰੂਮ ਚਾਹੀਦੇ ਹਨ। ਕਈ ਘਰਾਂ ਵਿੱਚ ਤਾਂ ਬਜ਼ੁਰਗ ਦਾ ਬੈੱਡ ਵਰਾਂਡੇ ਜਾਂ ਕਿਸੇ ਸਟੋਰ, ਪੋਰਚ, ਗੈਰਜ ਜਾਂ ਬੇਸਮੈਂਟ ਵਿੱਚ ਹੀ ਲਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਪਰਿਵਾਰ ਵਾਲੇ ਹੁੰਦੇ ਹੋਏ ਵੀ ਉਹ ਇਕੱਲੇ ਹੋ ਜਾਂਦੇ ਹਨ । ਬਹੁਤੇ ਪਰਿਵਾਰਾਂ ਵਿੱਚ, ਘਰ ਦੀ ਨੂੰਹ ਆਉਂਦੇ ਸਾਰ ਹੀ ਘਰ ਦੀ ਮਾਲਕਣ ਬਣ ਬੈਠਦੀ ਹੈ ਅਤੇ ਸੱਸ-ਸਹੁਰੇ ਤੇ ਪਤੀ ਨੂੰ, ਉਸ ਦੇ ਹਰ ਹੁਕਮ ਦੀ ਪਾਲਣਾ ਕਰਨੀ ਪੈਂਦੀ ਹੈ। ਉਧਰ ਸੱਸ ਕੋਲੋਂ ਜਦੋਂ ਘਰ ਦੀ ਸਰਦਾਰੀ ਅਤੇ ਪੁੱਤਰ ਦਾ ਮੋਹ, ਦੋਵੇਂ ਖੁੱਸ ਜਾਂਦੇ ਹਨ, ਤਾਂ ਉਹ ਭੀ ਆਪਣੀ ਜਗ੍ਹਾ ਛਟਪਟਾਉਂਦੀ ਹੈ, ਜਿਸ ਵਿੱਚੋਂ ਨੂੰਹ ਸੱਸ ਦੇ ਕੁੜੱਤਣ ਭਰੇ ਰਿਸ਼ਤੇ ਜਨਮ ਲੈਂਦੇ ਹਨ। ਪੁੱਤਰ ਵੀ ਜਦੋਂ ਪਤਨੀ ਵੱਲ ਉਲਾਰ ਹੋ ਕੇ, ਮਾਪਿਆਂ ਨੂੰ ਬਣਦੀ ਜਗ੍ਹਾ ਨਹੀ ਦਿੰਦਾ। ਜਾਂ ਕਹਿ ਲਵੋ ਕਿ ਮਾਪੇ ਤੇ ਪਤਨੀ ਵਿੱਚ ਸੰਤੁਲਨ ਰੱਖਣ ਵਿੱਚ ਨਾ-ਕਾਮਯਾਬ ਹੁੰਦਾ ਹੈ, ਤਾਂ ਕਲੇਸ਼ ਮੁਕਾਉਣ ਲਈ ਮਾਪਿਆਂ ਤੋਂ ਵੱਖਰੇ ਹੋਣ ਦੀ ਮੰਗ ਰੱਖ ਦਿੰਦਾ ਹੈ।

ਪੁਰਾਣੇ ਜ਼ਮਾਨੇ ਵਿੱਚ ਕਈ ਕਈ ਸਾਲ ਭਰਾ-ਭਰਜਾਈਆਂ ਪਰਵਾਰਾਂ ਸਮੇਤ ਇਕੱਠੇ ਰਹਿੰਦੇ, ਜਿਸ ਨਾਲ ਪਿਆਰ, ਹਮਦਰਦੀ, ਮਿਲਵਰਤਣ ਤੇ ਵੰਡਣ (ਸ਼ੇਅਰ ਕਰਨ) ਦੀ ਭਾਵਨਾ ਬੱਚਿਆਂ ਤੇ ਵੱਡਿਆਂ ਵਿਚ ਆਪ ਮੁਹਾਰੇ ਹੀ ਆ ਜਾਂਦੀ। ਨਾਲ ਹੀ ਬਜ਼ੁਰਗਾਂ ਦੀ ਉਮਰ ਭੀ ਆਪਣੀ ਖਿੜੀ ਫੁਲਵਾੜੀ ਨੂੰ ਹੱਸਦਿਆਂ-ਖੇਡਦਿਆਂ ਦੇਖ ਕੇ ਹੋਰ ਵੱਧ ਜਾਂਦੀ। ਫਿਰ ਕਦੇ ਮਾਪਿਆਂ ਦੀ ਸਲਾਹ ਨਾਲ ਭਰਾ ਅੱਡ ਹੁੰਦੇ, ਤੇ ਮਾਪੇ ਆਪਣੀ ਮਰਜ਼ੀ ਨਾਲ ਕਿਸੇ ਇਕ ਨਾਲ ਰਹਿ ਲੈਂਦੇ।

ਅੱਜਕਲ ਇਕੋ-ਇਕ ਨੂੰਹ ਪੁੱਤਰ ਵੀ ਆਪਣੇ ਮਾਪਿਆਂ ਨਾਲ ਰਹਿਣ ਨੂੰ ਸੰਯੁਕਤ ਪਰਿਵਾਰ (ਜੁਆਇੰਟ ਫੈਮਿਲੀ) ਕਹਿਣ ਲੱਗ ਪਏ ਹਨ। ਦੇਸ਼ ਹੋਵੇ ਭਾਵੇ ਵਿਦੇਸ਼, ਸਾਰੇ ਪਾਸੇ ਹਾਲ ਇਕੋ ਜਿਹਾ ਹੀ ਹੈ। ਤੁਸੀਂ ਆਪ ਹੀ ਸੋਚੋ ਕਿ ਜਿਹਨਾਂ ਮਾਪਿਆਂ ਨੇ ਸੌ ਸੌ ਸੁੱਖਣਾਂ ਸੁੱਖ ਕੇ, ਇੱਕੋ ਇੱਕ ਪੁੱਤਰ ਰੱਬ ਕੋਲੋਂ ਲਿਆ ਹੋਵੇ, ਤੇ ਫਿਰ ਉਹ ਵੀ ਉਹਨਾਂ ਦੇ ਬੁਢਾਪੇ ਦਾ ਸਹਾਰਾ ਨਾ ਬਣੇ ਤਾਂ ਫਿਰ ਉਹ ਮਾਪੇ ਜਾਣ ਤਾਂ ਜਾਣ ਕਿੱਥੇ? ਉਨ੍ਹਾਂ ਦੇ ਦਿਲਾਂ ਤੇ ਕੀ ਬੀਤਦੀ ਹੋਵੇਗੀ ?

ਭਾਵੇਂ ਬੱਚਿਆਂ ਦੀਆਂ ਵੀ ਆਪਣੀਆਂ ਮਜਬੂਰੀਆਂ ਹੋ ਸਕਦੀਆਂ ਹਨ। ਉਹ ਨੌਕਰੀਆਂ ਕਾਰਨ ਵੱਡੇ ਵੱਡੇ ਸ਼ਹਿਰਾਂ ਵਿਚ ਛੋਟੇ-ਛੋਟੇ ਫਲੈਟਾਂ ਵਿਚ ਰਹਿੰਦੇ ਹਨ। ਜਾਂ ਫਿਰ ਵਿਦੇਸ਼ਾਂ ਵਿਚ ਆਪਣੇ ਵਧੀਆ ਕੈਰੀਅਰ ਦੀ ਖਾਤਰ ਚਲੇ ਜਾਂਦੇ ਹਨ, ਤਾਂ ਉਹ ਮਾਪਿਆਂ ਨੂੰ ਰੱਖਣ ਕਿੱਥੇ? ਪਰ ਜੇ ਅਸੀਂ ਮਾਪਿਆਂ ਨੂੰ ਆਪਣੇ ਪਰਿਵਾਰ ਦਾ ਹਿੱਸਾ ਸਮਝਾਂਗੇ, ਸਾਡੇ ਦਿੱਲ ਵਿੱਚ ਉਹਨਾਂ ਦੀ ਜਗ੍ਹਾ ਹੋਏਗੀ, ਤਾਂ ਘਰ ਵਿੱਚ ਜਗ੍ਹਾ ਬਣਾਉਣੀ ਕੋਈ ਔਖੀ ਨਹੀ। ਔਕੀਨਾਵਾ ਜਾਪਾਨ ਵਿਚ 100 ਸਾਲ ਤੋਂ ਵੱਧ ਦੇ ਮਾਪੇ ਪਰਿਵਾਰਾਂ ਵਿਚ ਰਹਿਣ ਨਾਲ ਤੰਦਰੁਸਤ ਰਹਿੰਦੇ ਹਨ।

ਬੱਚਿਆਂ ਦੇ ਬੈੱਡ-ਰੂਮ ਵਿਚ ਹੀ ਹੋਰ ਬੈੱਡ ਲਾਇਆ ਜਾ ਸਕਦਾ ਹੈ। ਇਸ ਨਾਲ ਬੱਚਿਆਂ ਨੂੰ ਵੀ ਦਾਦੇ- ਦਾਦੀ ਦਾ ਪਿਆਰ ਮਿਲੇਗਾ ਤੇ ਬਜ਼ੁਰਗਾਂ ਲਈ ਤਾਂ 'ਮੂਲ ਨਾਲੋਂ ਵਿਆਜ ਪਿਆਰਾ' ਹੁੰਦਾ ਹੀ ਹੈ । ਕਈ ਵਾਰੀ ਅਸੀਂ ਇਸ ਸਮੱਸਿਆ ਨੂੰ ਪੀੜ੍ਹੀ ਦਾ ਫਾਸਲਾ ਕਹਿ ਕੇ ਟਾਲ ਦਿੰਦੇ ਹਾਂ, ਪਰ ਇਹ ਫਾਸਲਾ ਤਾਂ ਕਦੇ ਮਿਟ ਹੀ ਨਹੀਂ ਸਕਦਾ। ਅੱਜ ਅਸੀਂ ਨਵੀਂ ਪੀੜ੍ਹੀ ਹਾਂ ਤੇ ਸਾਡੇ ਮਾਪੇ ਪੁਰਾਣੀ ਪੀੜ੍ਹੀ, ਕੱਲ ਸਾਡੇ ਬੱਚੇ ਨਵੀਂ ਪੀੜ੍ਹੀ ਹੋਣਗੇ ਤੇ ਅਸੀਂ ਪੁਰਾਣੀ ਪੀੜ੍ਹੀ ਬਣ ਜਾਵਾਂਗੇ। ਪਰ ਹਾਂ, ਸੋਚਾਂ ਦੇ ਫਾਸਲੇ ਕੁਝ ਘਟਾਏ ਜਾ ਸਕਦੇ ਹਨ, ਪਰ ਮਿਟਾਏ ਨਹੀਂ ਜਾ ਸਕਦੇ। ਕੁਝ ਤਾਂ ਪੁਰਾਣੀ ਪੀੜ੍ਹੀ ਨੂੰ ਵੀ ਬਦਲਣਾ ਪਏਗਾ।

ਉਹ ਵੀ ਬੱਚਿਆਂ ਦੇ ਘੁੰਮਣ-ਫਿਰਨ, ਆਉਣ-ਜਾਣ ਤੇ ਵਾਰ ਵਾਰ ਨਾ ਟੋਕਣ ਤੇ ਨਾ ਹੀ ਉਹਨਾਂ ਦੀ ਜ਼ਿੰਦਗੀ ਵਿਚ ਜ਼ਿਆਦਾ ਦਖਲ-ਅੰਦਾਜ਼ੀ ਕਰਨ ਅਤੇ ਨਾ ਹੀ ਆਪਣੀ ਸਿਆਣਪ ਬਦੋ-ਬਦੀ ਉਹਨਾਂ ਤੇ ਠੋਸਣ ਕਿਉਂਕਿ ਅੱਜਕਲ ਦੇ ਬੱਚੇ ਵੱਡਿਆਂ ਤੋਂ ਸੇਧ ਲੈਣ ਦੀ ਬਜਾਏ, ਆਪਣੀਆਂ ਗਲਤੀਆਂ ਤੋਂ ਜਿਆਦਾ ਸਿੱਖਦੇ ਹਨ।

ਨਵੀਂ ਪੀੜ੍ਹੀ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਆਪਣੇ ਵਿਚ ਸਬਰ, ਸੰਤੋਖ, ਸਹਿਣਸ਼ੀਲਤਾ ਅਤੇ ਸਤਿਕਾਰ ਦੀ ਭਾਵਨਾ ਉਹਨਾਂ ਪ੍ਰਤੀ ਬਣਾਈ ਰੱਖੇ। ਬਜ਼ੁਰਗਾਂ ਦੀਆਂ ਆਦਤਾਂ ਬੱਚਿਆਂ ਵਾਂਗ ਹੋ ਜਾਂਦੀਆਂ ਹਨ। ਇਕ ਗੱਲ ਨੂੰ ਵਾਰ-ਵਾਰ ਦੁਹਰਾਉਣਾ, ਕਾਹਲੇ ਪੈ ਜਾਣਾ, ਸਿਹਤ ਨਾ ਠੀਕ ਹੋਣ ਕਾਰਨ ਜਲਦੀ ਖਿਝ ਜਾਣਾ ਜਾਂ ਵਿਹਲੇ ਹੋਣ ਕਾਰਨ ਫਾਲਤੂ ਹੀ ਸੋਚੀ ਜਾਣਾ- ਆਦਿ। ਉਹਨਾਂ ਦੇ ਰੁਝੇਵਿਆਂ ਦਾ ਕੋਈ ਪ੍ਰਬੰਧ ਹੋਣਾ ਚਾਹੀਦਾ ਹੈ। ਉਹਨਾਂ ਦੀ ਰੁਚੀ ਅਨੁਸਾਰ ਅਖਬਾਰ, ਰਸਾਲੇ ਜਾਂ ਧਾਰਮਿਕ ਪੁਸਤਕਾਂ ਲਿਆ ਦਿੱਤੀਆਂ ਜਾਣ। ਉਹਨਾਂ ਦੀ ਪਸੰਦ ਦੇ ਟੀ.ਵੀ. ਪ੍ਰੋਗਰਾਮ ਦੇਖਣ ਦਾ ਯੋਗ ਪ੍ਰਬੰਧ ਕਰ ਦਿਤਾ ਜਾਵੇ।

ਕੁਝ ਸਮਾਂ ਉਹਨਾਂ ਨੂੰ ਪਾਰਕ ਵਿੱਚ ਬੱਚਿਆਂ ਨਾਲ ਸੈਰ ਲਈ ਲਿਜਾਇਆ ਜਾਵੇ, ਜਿਥੇ ਉਹਨਾਂ ਨੂੰ ਗੱਲ-ਬਾਤ ਕਰਨ ਲਈ ਹਮ-ਉਮਰ ਦੇ ਸਾਥੀ ਵੀ ਮਿਲ ਜਾਣਗੇ। ਇਹਨਾਂ ਨਾਲ ਉਹ ਆਪਣੇ ਮਨ ਦਾ ਭਾਰ ਹੌਲਾ ਕਰ ਸਕਦੇ ਹਨ, ਤੇ ਨਾਲ ਹੀ ਬਾਹਰ ਦੀ ਖੁੱਲ੍ਹੀ ਤੇ ਤਾਜ਼ੀ ਹਵਾ ਵੀ ਉਹਨਾਂ ਦੀ ਸੇਹਤ ਲਈ ਬੇਹੱਦ ਜਰੂਰੀ ਹੁੰਦੀ ਹੈ। ਬਜ਼ੁਰਗਾਂ ਨੂੰ ਵੀ ਚਾਹੀਦਾ ਹੈ ਕਿ ਉਹ ਮਜਬੂਰੀ ਤੋਂ ਪਹਿਲਾਂ ਮੰਜੇ ਤੇ ਨਾ ਬੈਠਣ, ਜਿੰਨੀ ਵੀ ਹੋ ਸਕੇ ਸੈਰ ਜਰੂਰ ਕਰਦੇ ਰਹਿਣ। ਪਰਮਾਤਮਾ ਹਰ ਥਾਂ ਆਪ ਨਹੀਂ ਜਾਂਦਾ, ਇਸ ਲਈ ਉਸ ਨੇ ਮਾਂ-ਬਾਪ ਸਿਰਜੇ।

ਮਾਂ-ਬਾਪ ਪ੍ਰਤੀ ਸਤਿਕਾਰ ਦੀ ਭਾਵਨਾ ਰੱਖਣ ਵਾਲਿਆਂ ਨੂੰ, ਕਿਸੇ ਹੋਰ ਰੱਬ ਨੂੰ ਮਿਲਣ ਦੀ ਜ਼ਰੂਰਤ ਹੀ ਨਹੀਂ ਰਹਿੰਦੀ। (ਜਿਨ ਮਾਤ-ਪਿਤਾ ਕੀ ਸੇਵ ਕੀਓ ਤਿਨ ਰਾਮ ਕਾ ਨਾਮ ਲੀਓ ਨ ਲੀਓ)। ਮਾਪਿਆਂ ਵਿੱਚੋਂ ਹੀ ਭਗਵਾਨ ਦੇ ਦਰਸ਼ਨ ਹੋ ਜਾਂਦੇ ਹਨ। ਦੁਨੀਆਂ ਦੀ ਹਰੇਕ ਵਸਤੂ ਪੈਸੇ ਨਾਲ ਖਰੀਦੀ ਜਾ ਸਕਦੀ ਹੈ, ਪਰ ਬਜ਼ੁਰਗਾਂ ਦੀਆਂ ਅਸੀਸਾਂ ਕਿਸੇ ਵੀ ਦੌਲਤ ਨਾਲ ਪ੍ਰਾਪਤ ਨਹੀਂ ਹੋ ਸਕਦੀਆਂ। ਕੇਵਲ ਮਾਪਿਆਂ ਦੀ ਸੇਵਾ ਨਾਲ ਹੀ ਸਾਡੀਆਂ ਝੋਲੀਆਂ ਅਸੀਸਾਂ ਦੀ ਕੀਮਤੀ ਦੌਲਤ ਨਾਲ ਭਰਦੀਆਂ ਹਨ ਜੋ ਸਾਡੇ ਤੇ ਬੱਚਿਆਂ ਦੀ ਜ਼ਿੰਦਗੀ ਵਿਚ ਦੁੱਖ ਸੁੱਖ ਸਮੇਂ ਸਹਾਈ ਹੁੰਦੀਆਂ ਹਨ। ਦੌੜ ਭੱਜ ਦੀ ਜ਼ਿੰਦਗੀ ਵਿਚ ਬਹੁਤਾ ਸਮਾਂ ਨਾ ਸਹੀ, ਸਵੇਰੇ-ਸ਼ਾਮ ਜੇ ਸਾਰਾ ਪਰਿਵਾਰ ਆਉਂਦਾ-ਜਾਂਦਾ ਉਹਨਾਂ ਦਾ ਹਾਲ-ਚਾਲ ਪੁੱਛ ਲਵੇ, ਤਾਂ ਸ਼ਾਇਦ ਪੰਜ ਮਿੰਟ ਤੋਂ ਵੱਧ ਸਮਾਂ ਨਹੀਂ ਲੱਗਣ ਲੱਗਾ, ਪਰ ਇਸ ਨਾਲ ਉਹਨਾਂ ਦਾ ਸਾਰਾ ਦਿਨ ਖੁਸ਼ੀ ਨਾਲ ਬਤੀਤ ਹੋਏਗਾ। ਇਸ ਦੇ ਉਲਟ ਜੇ ਅਸੀਂ ਉਹਨਾਂ ਨੂੰ ਬਿਨਾਂ ਮਿਲੇ ਹੀ ਕੰਮਾਂ ਤੇ ਚਲੇ ਜਾਂਦੇ ਹਾਂ (ਦੇਸ਼ ਹੋਵੇ ਭਾਵੇਂ ਵਿਦੇਸ਼) ਤਾਂ ਉਹਨਾਂ ਦੇ ਦਿੱਲ ਤੇ ਸਾਰਾ ਦਿਨ ਕੀ ਬੀਤੇਗੀ, ਇਸ ਦਾ ਅਹਿਸਾਸ ਸਾਨੂੰ ਉਸ ਮੋੜ ਤੇ ਖ਼ੁਦ ਪਹੁੰਚ ਕੇ ਹੀ ਹੋਏਗਾ।

ਇਹ ਵੀ ਠੀਕ ਹੈ ਕਿ ਬਜ਼ੁਰਗਾਂ ਲਈ ਸਰਕਾਰਾਂ ਨੇ ਜਾਂ ਕੁਝ ਟਰੱਸਟਾਂ ਨੇ ਬਿਰਧ ਆਸ਼ਰਮ ਜਾਂ ਸੀਨੀਅਰ ਸਿਟੀਜ਼ਨ ਹੋਮ ਵੀ ਤਾਂ ਖੋਲ੍ਹ ਰੱਖੇ ਹਨ, ਜਿੱਥੇ ਉਹ ਆਪਣਾ ਜੀਵਨ ਖੁਸ਼ੀ ਖੁਸ਼ੀ ਬਤੀਤ ਕਰ ਸਕਦੇ ਹਨ। ਉਥੇ ਉਹਨਾਂ ਨੂੰ ਕੁੱਝ ਸੁੱਖ-ਸਹੂਲਤਾਂ, ਸੇਹਤ ਸਬੰਧੀ ਸੇਵਾਵਾਂ ਅਤੇ ਹਮ-ਉਮਰ ਸਾਥੀ ਤਾਂ ਮਿਲ ਹੀ ਜਾਂਦੇ ਹਨ। ਪਰ ਬਹੁਤੇ ਉਥੇ ਮਜਬੂਰੀ ਵੱਸ ਹੀ ਰਹਿੰਦੇ ਹਨ। ਖੇਰ, ਘਰ ਇਕੱਲੇ ਕੈਦ ਹੋਣ ਨਾਲੋਂ ਤਾਂ ਇਹ ਵਧੀਆ ਉਪਰਾਲੇ ਹਨ ਕਿਉਂਕਿ ਉਥੇ ਉਹਨਾਂ ਨੂੰ ਦੇਖਣ-ਸੁਣਨ ਵਾਲਾ ਕੋਈ ਤਾਂ ਹੈ।

ਪਰ ਇਹ ਤਾਂ ਉਹ ਗੱਲ ਹੋਈ ਕਿ ਕਿਸੇ ਦਰੱਖਤ ਦੀ ਟਾਹਣੀ ਕੱਟ ਕੇ, ਉਪਜਾਊ ਜ਼ਮੀਨ ਵਿੱਚ ਬੀਜ ਦਿੱਤੀ ਜਾਵੇ, ਤੇ ਉਸ ਨੂੰ ਪਾਣੀ, ਖਾਦ ਸਮੇਂ ਸਿਰ ਦੇ ਕੇ ਵਾੜ ਵੀ ਕਰ ਦਿੱਤੀ ਜਾਵੇ- ਤਾਂ ਕੀ ਉਹ ਟਹਿਣੀ ਜੜ੍ਹ ਤੋਂ ਬਿਨਾਂ ਹਰੀ ਰਹਿ ਸਕੇਗੀ? ਸਾਥੀਓ, ਆਪਣੇ ਬਜ਼ੁਰਗਾਂ ਦੀਆਂ ਜੜ੍ਹਾਂ ਆਪਣੇ ਪਰਿਵਾਰਾਂ ਵਿਚ ਹੀ ਹਨ। ਪਿੱਛੇ ਜਿਹੇ ਅਖਬਾਰਾਂ ਵਿਚ ਖਬਰ ਛਪੀ ਸੀ ਕਿ ਮਦਰਜ਼ ਡੇ ਤੇ, ਬ੍ਰਿਧ ਆਸ਼ਰਮ ਦੀਆਂ ਬਜ਼ੁਰਗ ਮਾਵਾਂ, ਸਾਰਾ ਦਿਨ ਗੇਟ ਲਾਗੈ ਬੈਠੀਆਂ ਰਹੀਆਂ ਕਿ ਸ਼ਾਇਦ ਉਹਨਾਂ ਦੇ ਪੁੱਤਰ, ਇਸ ਦਿਨ ਹੀ ਉਹਨਾਂ ਨੂੰ ਮਿਲਣ ਆ ਜਾਣ- ਪਰ ਉਹ ਤਾਂ ਸ਼ਾਇਦ ਕਿਸੇ ਵੱਡੇ ਪੰਡਾਲ ਵਿਚ ਲੋਕਾਂ ਨਾਲ ਰਲ ਕੇ ਮਾਂ-ਦਿਵਸ ਮਨਾ ਰਹੇ ਹੋਣਗੇ ਤੇ ਵਿਚਾਰਿਆਂ ਕੋਲ ਫੁਰਸਤ ਹੀ ਕਿੱਥੇ ਸੀ ਆਪਣੀ ਮਾਂ ਨੂੰ ਮਿਲਣ ਦੀ?

ਅਮਰੀਕਾ ਵਿਚ ਇਕ ਸਰਵੇਖਣ ਹੋਇਆ ਹੈ ਜਿਸ ਅਨੁਸਾਰ ਜੋ ਬੱਚੇ ਕਰੈਚਾਂ ਜਾਂ ਡੇ ਕੇਅਰ ਸੈਂਟਰਾਂ ਦੀ ਬਜਾਏ, ਘਰਾਂ ਵਿਚ ਦਾਦਾ-ਦਾਦੀ ਜਾਂ ਨਾਨਾ-ਨਾਨੀ ਪਾਸ ਪਲਦੇ ਹਨ, ਉਹ ਦੂਸਰੇ ਬੱਚਿਆਂ ਤੋਂ 50% ਵੱਧ ਬੁਧੀਮਾਨ ਹੁੰਦੇ ਹਨ।

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਬਜ਼ੁਰਗਾਂ ਦਾ ਖਰਚਾ, ਡੇ ਕੇਅਰ ਸੈਂਟਰ ਜਾਂ ਕਰੈੱਚ ਦੀ ਫੀਸ ਤੋਂ ਵੀ ਵੱਧ ਹੈ? ਕਿਉਂ ਅਸੀਂ ਆਪਣੇ ਬੱਚਿਆਂ ਨੂੰ, ਦਾਦੇ ਦਾਦੀ ਦੇ ਪਿਆਰ ਤੋਂ ਵਾਂਝੇ ਕਰਦੇ ਹਾਂ? ਬਾਅਦ ਵਿਚ ਭੋਗ ਪਾਉਣੇ, ਬਰਸੀਆਂ ਮਨਾਉਣੀਆਂ ਜਾਂ ਬਜ਼ੁਰਗਾਂ ਦੇ ਨਾਂ ਤੇ ਦਾਨ ਪੁੰਨ ਦੇ ਕੋਈ ਮਾਇਨੇ ਨਹੀਂ, ਜੇਂ ਜਿਉਂਦੇ ਜੀਅ ਉਹਨਾਂ ਨੂੰ ਸਤਿਕਾਰ ਨਾ ਦੇਈਏ।

ਅੰਤ ਵਿਚ ਮੈਨੂੰ ਇੰਦਰਜੀਤ ਹਸਨਪੁਰੀ ਦਾ ਸ਼ੇਅਰ ਯਾਦ ਆ ਗਿਆ ਜੋ ਉਹ ਅਕਸਰ ਹੀ ਪੰਜਾਬੀ ਭਵਨ, ਲੁਧਿਆਣਾ ਵਿਖੇ ਸੁਣਾਇਆ ਕਰਦੇ ਸਨ।

ਮਰਨ ਤੋਂ ਪਿਛੋਂ ਯਾਦ ਕਰੋਗੇ- ਮੈਨੂੰ ਕੀ।
ਮੂਰਤ ਅੱਗੇ ਫੁੱਲ ਧਰੋਗੇ - ਮੈਨੂੰ ਕੀ।
ਸਾਰੀ ਉਮਰੇ ਸੁੱਕੇ ਟੁੱਕਰ ਖਾਧੇ ਮੈਂ,
ਲਾਸ਼ ਦੇ ਮੂੰਹ ਵਿਚ ਘਿਉ ਧਰੋਗੇ-ਮੈਨੂੰ ਕੀ।
ਤੁਸੀਂ ਬਜ਼ੁਰਗਾਂ ਨੂੰ ਜਿਸ ਮੌਤੇ ਮਾਰੋਗੇ,
ਓਸੇ ਮੌਤੇ ਆਪ ਮਰੋਗੇ - ਮੈਨੂੰ ਕੀ?




## ਅਮਰ ਸ਼ਹੀਦ ਸਰਦਾਰ ਦਰਸ਼ਨ ਸਿੰਘ ਫੇਰੂਮਾਨ

ਸਰਦਾਰ ਨਿਰਵੈਰ ਸਿੰਘ ਅਰਸ਼ੀ, ਸ੍ਰੀ ਅਨੰਦਪੁਰ ਸਾਹਿਬ (ਭਾਰਤ)

ਪੰਜਾਬ ਦੇ 1 ਨਵੰਬਰ,1966 ਨੂੰ ਟੁਕੜੇ ਕਰਕੇ ਦੋ ਨਵੇਂ ਪ੍ਰਦੇਸ਼ ਹਰਿਆਣਾ ਤੇ ਹਿਮਾਚਲ ਬਣਾ ਦਿੱਤੇ ਗਏ।ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਾਉਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫ਼ਤਿਹ ਸਿੰਘ ਨੇ 17-12-1966 ਨੂੰ ਅੰਮ੍ਰਿਤਸਰ ਵਿਖੇ ਮਰਨ ਵਰਤ ਰੱਖ ਦਿੱਤਾ ਪਰ ਬਿਨਾਂ ਕਿਸੇ ਪ੍ਰਾਪਤੀ ਦੇ ਮਰਨ ਵਰਤ ਤੋੜ ਦਿੱਤਾ ਗਿਆ। ਫਿਰ ਮਾਸਟਰ ਤਾਰਾ ਸਿੰਘ ਨੇ ਵੀ ਮਰਨ ਵਰਤ ਰੱਖਿਆ, ਲੇਕਿਨ ਸ੍ਰਕਾਰ ਦੇ 'ਝੂਠੇ' ਵਾਅਦਿਆਂ 'ਤੇ, ਉਹ ਵੀ ਤੋੜ ਦਿੱਤਾ ਗਿਆ। ਅਰਦਾਸੇ ਕਰ ਕੇ ਬਿਨਾਂ ਕਿਸੇ ਪ੍ਰਾਪਤੀ ਦੇ ਕੌਮ ਦੀ ਨਿਰਾਦਰੀ ਨੂੰ ਨਾ ਸਹਾਰਦੇ ਹੋਏ ਫੇਰੂਮਾਨ ਜੀ ਨੇ ਇਸ ਮੰਗ ਨੂੰ ਲੈ ਕੇ ਮਰਨ ਵਰਤ ਰਖ ਦਿਤਾ।

ਫੇਰੂਮਾਨ ਜੀ ਨੇ ਭਾਰਤ ਦੇ ਆਜ਼ਾਦੀ ਲਈ 'ਸਿਵਲ ਨਾਫ਼ੁਰਮਾਨੀ ਅੰਦੋਲਨ' ਅਤੇ 'ਭਾਰਤ ਛੱਡੋ' ਵਿਚ ਭਾਗ ਲਿਆ ਅਤੇ ਸਾਲਾਂ ਬੱਧੀ ਜੇਲ੍ਹਾਂ ਦੇ ਤਸੀਹੇ ਝੱਲੇ ਸਨ। ਚਾਬੀਆਂ ਦੇ ਮੋਰਚੇ ਅਤੇ ਜੈਤੋਂ ਦੇ ਮੋਰਚੇ ਵਿਚ ਜੇਲ੍ਹਾਂ ਕੱਟੀਆਂ। ਦੋ ਵੇਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਜਨਰਲ ਸੈਕਟਰੀ ਵੀ ਰਹੇ। ਆਪ ਨੂੰ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਜੇਲ੍ਹ ਵਿਚ ਭੇਜ ਦਿੱਤਾ ਗਿਆ ਜਿਥੇ ਉਨ੍ਹਾਂ 15 ਅਗਸਤ ਨੂੰ ਮਰਨ ਵਰਤ ਅਰੰਭ ਕਰ ਦਿੱਤਾ ਆਪ ਦੀ ਸਿਹਤ ਕੁਝ ਜ਼ਿਆਦਾ ਹੀ ਢਿੱਲੀ ਹੋ ਗਈ ਤਾਂ ਆਪ ਨੂੰ ਅੰਮ੍ਰਿਤਸਰ ਦੇ ਗੁਰੂ ਤੇਗ ਬਹਾਦਰ ਹਸਪਤਾਲ ਵਿਚ ਦਾਖ਼ਲ ਕਰ ਦਿੱਤਾ ਗਿਆ, ਜਿੱਥੇ 27 ਅਕਤੂਬਰ 1969 ਨੂੰ 85 ਸਾਲ ਤੋਂ ਵੱਧ ਉਮਰ ਵਿਚ ਆਖ਼ਰੀ ਫਤਹਿ ਬੁਲਾ ਗਏ।



### ਸ਼ਹੀਦ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ ਨੂੰ ਸਮਰਪਿਤ ਕਵਿਤਾ

"ਅਮਰ ਫੇਰੂਮਾਨ ਨੂੰ,
ਪ੍ਰਣਾਮ ਹੈ, ਪ੍ਰਣਾਮ ਹੈ"
ਅਮਰ ਫੇਰੂਮਾਨ ਨੂੰ,
ਪ੍ਰਣਾਮ ਹੈ, ਪ੍ਰਣਾਮ ਹੈ।
ਪੰਥ ਲਈ ਤੂੰ ਹੱਸ ਹੱਸ,
ਪੀਤਾ ਸ਼ਹੀਦੀ ਜਾਮ ਹੈ।
ਜਾਣਦਾ ਏ ਜੱਗ ਸਾਰਾ,
ਜੋ ਤੇਰੇ 'ਤੇ ਬੀਤੀਆਂ।
ਜੋ ਕਿਸੇ ਨਾ ਕੀਤੀਆਂ,
ਤੂੰ ਉਹ ਕਮਾਈਆਂ ਕੀਤੀਆਂ।
ਚੰਡੀਗੜ੍ਹ ਦੀ ਚੰਡਕਾ,
ਨਾ ਮੰਨਦੀ ਸੀ ਕਿਸੇ ਤੋਂ;

ਤੂੰ ਮਨਾ ਕੇ ਕਾਲਕਾ,
ਅਨਹੋਣੀਆਂ ਸਨ ਕੀਤੀਆਂ।
ਪੰਜਾਬ ਦੀ ਧੂੜੀ ਵੀ ਤਾਹੀਉਂ,
ਤੇਰੇ ਤੋਂ ਕੁਰਬਾਨ ਹੈ।
ਅਮਰ ਫੇਰੂਮਾਨ ਨੂੰ,
ਪ੍ਰਣਾਮ ਹੈ, ਪ੍ਰਣਾਮ ਹੈ।
ਮੌਤ ਨੂੰ ਤੂੰ ਹਰ ਘੜੀ,
ਹਰ ਮੋੜ 'ਤੇ ਵੰਗਾਰਿਆ।
ਚੰਡੀਗੜ੍ਹ ਜਾਂ ਮੌਤ ਦਾ,
ਨਿਸਚਾ ਤੂੰ ਮਨ ਵਿਚ ਧਾਰਿਆ।

ਵਕਤ ਦੇ ਕੁਝ ਹੁਕਮਰਾਨਾਂ,
ਆਪਣਾ ਟਿੱਲ ਲਾ ਲਿਆ;
ਝੱਲਦਾ ਅਨਹੋਣੀਆਂ,
ਪਰ ਤੂੰ ਨਾ ਸੱਜਣਾਂ ਹਾਰਿਆ।
ਪੰਜਾਬ ਦੇ ਇਤਿਹਾਸ ਵਿਚ,
ਤਾਹੀਉਂ ਉਜਾਗਰ ਨਾਮ ਹੈ।
ਅਮਰ ਫੇਰੂਮਾਨ ਨੂੰ,
ਪ੍ਰਣਾਮ ਹੈ, ਪ੍ਰਣਾਮ ਹੈ।
ਲੈ ਕੇ ਰਹਾਂਗੇ ਚੰਡੀਗੜ੍ਹ,
ਸਭਨਾਂ ਨੇ ਡੀਂਗਾਂ ਮਾਰੀਆਂ।
ਕਰ ਬਚਨ, ਟਲ ਸਕਦੇ ਨਹੀਂ,
ਸਭਨਾਂ ਨੇ ਡੀਂਗਾਂ ਮਾਰੀਆਂ।
ਚੰਡੀਗੜ੍ਹ ਦੀ ਜਿੱਤ ਦਾ,
ਤੂਹੀਉਂ ਹੈਂ ਜੇਤੂ ਸੂਰਮਾ;
ਅੰਤ ਸਫ਼ਲਾ ਹੋ ਗਈਆਂ,
ਤੇਗਾਂ ਸੀ ਜੋ ਤੂੰ ਮਾਰੀਆਂ।
ਪੰਜਾਬ ਦਾ ਜ਼ੱਰਾ-ਜ਼ੱਰਾ,
ਜਪਦਾ ਤੇਰਾ ਅੱਜ ਨਾਮ ਹੈ।

ਅਮਰ ਫੇਰੂਮਾਨ ਨੂੰ,
ਪ੍ਰਣਾਮ ਹੈ, ਪ੍ਰਣਾਮ ਹੈ।
ਕੌਮ ਲਈ ਤੂੰ ਅਣਖੀਆ,
ਕੁਰਬਾਨੀਆਂ ਜੋ ਕਰ ਗਿਉਂ।
ਸਰਬ-ਸਾਂਝੇ ਹਿਤ ਲਈ,
ਜੋ ਮੌਤ ਲਾੜੀ ਵਰ ਗਿਉਂ।
ਸੱਚ ਜਾਣੀ ਏਸ ਵਿਚ,
ਰੰਚਕ ਵੀ ਵਲ ਜਾਂ ਛਲ ਨਹੀਂ;
ਕਿ ਪੰਜਾਬੀਆਂ ਦੇ ਦਿਲਾਂ ਦਾ,
ਤੂੰ ਸ਼ਹਿਨਸ਼ਾਹ ਅੱਜ ਬਣ ਗਿਉਂ।

ਪਿੰਡ ਫੇਰੂਮਾਨ ਬਣਿਆ,
ਅੱਜ ਪਵਿੱਤਰ ਧਾਮ ਹੈ।
ਅਮਰ ਫੇਰੂਮਾਨ ਨੂੰ,
ਪ੍ਰਣਾਮ ਹੈ, ਪ੍ਰਣਾਮ ਹੈ।
ਚੰਡੀਗੜ੍ਹ ਤਾਂ ਲੈ ਲਿਆ,
ਪਰ ਇਕ ਅਜੇ ਵੀ ਥੋੜ ਹੈ।
ਅਮਨ, ਖੁਸ਼ਹਾਲੀ ਲਈ,
ਅਜੇ ਏਕਤਾ ਦੀ ਲੋੜ ਹੈ।
ਫੁੱਟ ਨੇ ਹੀ ਡੋਬਿਆ,
ਰਣਜੀਤ ਸਿੰਘ ਦਾ ਰਾਜ ਸੀ;
ਹੁਣ ਵੀ ਜੇ ਫੁੱਟ ਕਾਇਮ ਹੈ,
ਤਾਂ ਸਮਝੋ- ਝੁੱਗਾ ਚੌੜ ਹੈ।
ਏਕਤਾ ਲਈ ਹੋ ਗਿਆ,
ਕੁਰਬਾਨ ਫੇਰੂਮਾਨ ਹੈ।
'ਅਰਸ਼ੀ' ਫੇਰੂਮਾਨ ਨੂੰ,
ਪ੍ਰਣਾਮ ਹੈ, ਪ੍ਰਣਾਮ ਹੈ।

## ਬਾਬੀਹਾ ਪ੍ਰਿਉ ਪ੍ਰਿਉ ਕਰੇ

ਸਰਦਾਰਨੀ ਸੁਰਜੀਤ ਕੌਰ ਸਾਰੰਗ, ਨਵੀਂ ਦਿੱਲੀ

ਸਲੋਕ ਮਃ ੩ ॥

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥
ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥
ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥੧॥

ਹੇ ਪ੍ਰਾਣੀ ਤੂੰ ਆਪਣੀ ਜ਼ਬਾਨ ਤੋਂ ਉਸ ਸੱਚੇ ਦੇ ਨਾਮ ਨੂੰ ਪੁਕਾਰ। ਉਸ ਸੱਚੇ ਦੇ ਨਾਮ ਨਾਲ ਲਿਵ ਲਗਾ। ਆਮ ਬੋਲੇ ਹੋਏ ਸ਼ਬਦ ਵਿਅਰਥ ਜਾ ਸਕਦੇ ਹਨ। ਪਰਮਾਤਮਾ ਦਾ ਨਾਮ ਰਸਨਾ ਤੋਂ ਪੁਕਾਰੇਂਗਾ ਤਾਂ ਸਾਂਈ ਦੇ ਘਰ ਵਿਚ ਥਾਂ ਪਵੇਗਾ, ਕਿਸੀ ਲੇਖੇ ਲਗੇਗਾ। ਐਵੇਂ ਨਾ ਬੋਲੀ ਜਾਈਂ। ਗੁਰੂ ਸਿੱਖਿਆ ਲੈ ਕੇ ਆਪਣੀ ਰਸਨਾ ਤੋਂ ਨਾਮ ਜਪੀਂ। ਇਕ ਬਬੀਹੇ ਦੀ ਤਰ੍ਹਾਂ ਪੁਕਾਰੀਂ। ਤੇਰੇ ਸੱਚੇ ਮਨ ਨਾਲ ਅੰਦਰੋਂ ਅਤੇ ਰਸਨਾ ਤੋਂ ਸਾਂਈ ਦਾ ਨਾਮ ਜਪਦਿਆਂ ਜਪਦਿਆਂ ਇਕ ਦਿਨ ਤੇਰੀ ਸਾਰੀ ਭੁੱਖ ਮਿੱਟ ਜਾਏਗੀ। ਇੰਜ ਸਾਂਈ ਦੇ ਦਰ ਤੇ ਤੇਰੀ ਪੁਕਾਰ ਸੁਣੀ ਜਾਏਗੀ। ਰਸਨਾ ਨਾਲ ਪੁਕਾਰਿਆਂ ਤੇਰੇ ਮਨ ਤੇ ਵੀ ਅਸਰ ਕਰੇਗਾ।

ਸਾਡਾ ਬੋਲਣਾ ਸਾਡੇ ਤਨ ਤੇ ਅਸਰ ਕਰਦਾ ਹੈ।ਜੇ ਅਸੀਂ ਕਿਸੇ ਨੂੰ ਫਿੱਕੇ ਬੋਲ ਬੋਲਦੇ ਹਾਂ ਉਹ ਸ਼ਬਦ ਸਾਡੇ ਮਨ ਤੇ ਤਨ ਨੂੰ ਬੇਰੱਸ ਕਰ ਦੇਂਦੇ ਹਨ। ਕੋਈ ਵੀ ਚੰਗਾ ਜਾਂ ਮਾੜਾ ਸ਼ਬਦ ਬੋਲਾਂਗੇ ਉਹ ਤਨ ਮਨ ਤੇ ਜ਼ਰੂਰ ਅਸਰ ਕਰੇਗਾ। ਬਬੀਹਾ ਅਮ੍ਰਿਤ ਵੇਲੇ ਬੇਨਤੀ ਕਰਦਾ ਹੈ। ਹੇ ਮੇਰੇ ਪਿਆਰੇ, ਮੈਨੂੰ ਦਾਨ ਦਿਉਂ ਕਿਉਂਕਿ ਪਾਣੀ ਤੋਂ ਬਿਨਾ ਮੇਰੀ ਜਿੰਦ ਲੁੱਛਦੀ ਪਈ ਹੈ। ਨਹੀਂ ਤਾਂ ਮੇਰੇ ਪ੍ਰਾਣ ਛੁੱਟ ਜਾਣੇ ਹਨ।



ਮਨੁੱਖ ਬਬੀਹਾ ਬਣ ਕੇ ਬੇਨਤੀ ਕਰੇ।


ਹੇ ਵਾਹਿਗੁਰੂ ਮੈਨੂੰ ਸਰੀਰਕ ਤੌਰ ਤੇ ਤੂੰ ਜ਼ਿਦਗੀ ਦਿੱਤੀ ਹੈ। ਤੇਰੇ ਚਰਣਾਂ ਵਿਚ ਬੇਨਤੀ ਹੈ ਕਿ ਤੂੰ ਮੈਨੂੰ ਨਾਮ ਦਾਨ ਦੇ। ਜੇ ਤੂੰ ਨਾ ਦਿੱਤਾ ਮੇਰੇ ਪ੍ਰਾਣ ਬਾਬੀਹੇ ਵਾਂਗ ਸਰੀਰ ਤੋਂ ਬਾਹਰ ਨਿਕਲ ਜਾਣਗੇ। ਮੇਰੇ ਹਿਰਦੇ ਵਿਚ ਇਕ ਬੂੰਦ ਨਾਮ ਦੀ ਟਿਕਾਅ ਦੇ। ਇਹ ਇਕ ਬਬੀਹੇ ਵਾਂਗ ਮੇਰੀ ਬੇਨਤੀ ਹੈ। ਵਰ੍ਹਦੇ ਮੇਘ ਵਾਂਗ ਬਰਸ ਕੇ ਨਾਮ ਦੀ ਬਾਰਸ਼ ਕਰ। ਨਾਮ ਦੀ ਇਕ ਤੇਰੀ ਬੂੰਦ ਮੇਰੀ ਜ਼ਿੰਦਗੀ ਤੇਰੇ ਲੇਖੇ ਲਗਾ ਦੇਵੇਗੀ। ਸਾਡਾ ਵੀ ਜੀਵਨ ਬਬੀਹੇ ਜਿਹਾ ਹੋਣਾ ਚਾਹੀਦਾ ਹੈ।

## ਸਾਨੂੰ ਇਨ੍ਹਾਂ ਤੇ ਮਾਣ ਹੈ
## (We are Proud of Them)

### ਖੇਤੀਬਾੜੀ ਦੀ ਤਰੱਕੀ ਦੇ ਜੁਮੇਵਾਰ ਪੰਜਾਬੀ ਵਗਿਆਨੀ ਤੇ ਮਾਹਰ
### ਹਰੀ ਕ੍ਰਾਂਤੀ ਦਾ ਮੋਢੀ: ਡਾ. ਬੀ. ਪੀ. ਪਾਲ
(26 ਮਈ 1906–14 ਸਤੰਬਰ 1998)

ਡਾ. ਪਾਲ ਦਾ ਜੱਦੀ ਪਰਿਵਾਰ ਜਲੰਧਰ ਤੋਂ ਸੀ ਅਤੇ ਉਨ੍ਹਾਂ ਦਾ ਜਨਮ ਮੁਕੰਦਪੁਰ ਵਿੱਚ ਹੋਇਆ। ਜਨਮ ਦਾ ਨਾਮ ਬ੍ਰਹਮਾ ਦਾਸ ਪਾਲ ਸੀ। ਉਸ ਦੇ ਪਿਤਾ ਮੈਡੀਕਲ ਅਫਸਰ ਵਜੋਂ ਬਰਮਾ ਚਲੇ ਗਏ। ਸਕੂਲ ਵਿੱਚ ਪੜ੍ਹਦੇ ਹੋਏ ਉਨ੍ਹਾਂ ਨੇ ਆਪਣਾ ਨਾਮ ਬਦਲ ਕੇ ਬੈਂਜਾਮਿਨ ਪੀਰੀ ਪਾਲ ਰੱਖ ਲਿਆ। ਰੰਗੂਨ ਯੂਨੀਵਰਸਿਟੀ ਤੋਂ B.Sc. ਤੇ M.Sc. (ਸਾਇੰਸ) ਕੀਤੀ 'ਤੇ ਕੈਂਬਰਿਜ ਯੂਨੀਵਰਸਿਟੀ ਤੋਂ Ph.D. ਲਈ ਕਣਕ ਵਿੱਚ ਹਾਈਬ੍ਰਿਡ ਜੋਸ਼ ਦਾ ਅਧਿਐਨ ਕੀਤਾ।

ਬਰਮਾ ਵਿਚ 1932 ਤੋਂ ਝੋਨਾ ਖੋਜੀ ਵਜੋ ਕੰਮ ਸ਼ੁਰੂ ਕੀਤਾ। ਫਿਰ ਪੂਸਾ (ਜਿਲਾ ਸਮਸਪਤੀਪੁਰ, ਬਿਹਾਰ) ਸਥਿਤ ਝੋਨਾ ਖੋਜ ਖੇਤੀਬਾੜੀ ਕੇਂਦਰ ਵਿਚ ਬਨਸਪਤੀ ਵਿਗਿਆਨੀ ਬਣੇ। ਸਨ 1936 ਦੇ ਭੂਚਾਲ ਤੋਂ ਬਆਦ ਇਹ ਸੰਸਥਾ ਨਵੀਂ ਦਿੱਲੀ ਆ ਗਈ। ਫਿਰ 1937 ਵਿੱਚ ਇੰਪੀਰੀਅਲ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਵਿੱਚ ਇੱਕ ਇੰਪੀਰੀਅਲ ਆਰਥਿਕ ਬੋਟੈਨਿਸਟ ਅਤੇ ਸਤੰਬਰ 1950 ਵਿੱਚ ਸੰਸਥਾ ਦੇ ਡਾਇਰੈਕਟਰ ਬਣਾਏ ਗਏ। ਉਹ 1965 ਤੋਂ 1972 ਤਕ Indian Council of Agricultural Research (ICAR) ਦੇ ਪਹਿਲੇ Director General ਨਿਯੁਕਤ ਕੀਤੇ ਗਏ। ਉਨ੍ਹਾਂ ਨੇ ਕਣਕ ਦੀ ਉੱਲੀ ਉਤੇ ਖੋਜ ਕਰਕੇ ਬਹੁਤ ਨਵੀਆਂ ਕਿਸਮਾਂ ਈਜਾਦ ਕਰਨ ਵਿਚ ਯੋਗਦਾਨ ਪਾਇਆ।




ਡਾ. ਪਾਲ ਨੇ ਰੋਜ਼ ਐਂਡ ਬੋਗਨਵਿਲੀਆ ਸੋਸਾਇਟੀਜ਼ ਆਫ਼ ਇੰਡੀਆ 'ਤੇ ਇੰਡੀਅਨ ਸੋਸਾਇਟੀ ਆਫ਼ ਜੈਨੇਟਿਕਸ ਐਂਡ ਪਲਾਂਟ ਬਰੀਡਿੰਗ ਦੀ ਸਥਾਪਨਾ ਕੀਤੀ; ਅਤੇ ਸੰਪਾਦਕ ਵਜੋਂ ਵੀ ਕੰਮ ਕੀਤਾ। ਸਨ 1959 ਵਿੱਚ ਪਦਮ ਸ਼੍ਰੀ 'ਤੇ 1968 ਵਿੱਚ ਪਦਮ ਭੂਸ਼ਣ ਦੇ ਸਨਮਾਨ ਮਿਲੇ, ਅਤੇ 1972 ਵਿੱਚ ਉਨ੍ਹਾਂ ਨੂੰ ਰਾਇਲ ਸੋਸਾਇਟੀ ਦੇ ਫੈਲੋ (FRS) ਚੁਣਿਆ ਗਿਆ। ਉਹ ਅਣਵਿਆਹੇ ਸੀ ਅਤੇ ਆਪਣੀ ਜਾਇਦਾਦ ICAR ਨੂੰ ਦਾਨ ਕੀਤੀ। ICAR ਦੀ ਲਾਇਬ੍ਰੇਰੀ ਵਿਚ ਇੱਕ ਗੁਲਾਬ ਦੇ ਬਾਗ ਦਾ ਨਾਮ ਉਨ੍ਹਾਂ ਦੇ ਸਨਮਾਨ ਵਿੱਚ ਰੱਖਿਆ ਗਿਆ ਹੈ।

***ਲਿਖਤ: ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ (ਕੈਨੇਡਾ)***

## ਸਾਨੂੰ ਇਨ੍ਹਾਂ ਤੇ ਮਾਣ ਹੈ

## ਬੱਚਿਆਂ ਵਲੋਂ ਈ-ਦੀਵਾਨ ਕੈਲਗਰੀ ਵਿਚ ਕੀਰਤਨ ਦੇ ਦ੍ਰਿਸ਼






ਧੀਆਂ ਸੁਹਜ ਸਮਰਪਣ ਘਰ ਦਾ, ਸਹਿਜ ਸਬਰ ਸੰਤੋਖ
ਸਲੀਕਾ। ਧਰਤੀ ਜਿੱਡਾ ਜਿਗਰਾ ਰੱਖਣਾ,ਦੱਸਦੀ ਹੈ ਮਾਂ
ਜੀਣ ਤਰੀਕਾ। ਇੱਲਾਂ ਤੇ ਬਘਿਆੜਾਂ ਕੋਲੋਂ, ਸਾਬਤ ਕਦਮ
ਬਚਾ ਸਕਦੇ ਨੇ, ਮੁਲਕਾਂ ਨਾਲ ਫ਼ਰਕ ਨਹੀਂ ਪੈਂਦਾ, ਭਾਰਤ
ਹੋਵੇ ਜਾਂ ਅਮਰੀਕਾ। ਗੁਰਭਜਨ ਗਿੱਲ

## ਸਿੱਖ ਇਤਿਹਾਸ ਦਾ ਸੰਘਰਸ਼ਮਈ ਦੌਰ (1716-1801)

### ਡਾ. ਸਰਦਾਰ ਗੁਰਸ਼ਰਨ ਸਿੰਘ ਸੋਹਲ, ਅਮ੍ਰਿਤਸਰ

ਨਵਾਬ ਸਰਦਾਰ ਕਪੂਰ ਸਿੰਘ ਦੁਨੀਆਂ ਦਾ ਇੱਕੋ-ਇੱਕ ਨਵਾਬ ਸੀ ਜੋ ਘੋੜਿਆਂ ਦੀ ਸਾਫ਼-ਸਫ਼ਾਈ ਆਪਣੇ ਹੱਥੀਂ ਕਰਦਾ ਰਿਹਾ ਤੇ ਨਵਾਬੀ ਦੇ ਕਾਰਜ ਵੀ। ਬਾਬਾ ਬੰਦਾ ਸਿੰਘ ਬਹਾਦਰ ਦਾ ਮਾਰਚ 1716 ਵਿਚ ਹੋਈ ਸ਼ਹੀਦੀ ਤੋਂ ਬਾਅਦ ਦੇ ਸਮਾ ਸਿੱਖਾਂ ਲਈ ਬਹੁਤ ਹੀ ਸੰਘਰਸ਼ ਤੇ ਸ਼ਹਾਦਤਾਂ ਭਰਿਆ ਸੀ। ਦੋ ਘੱਲੂਘਾਰੇ ਹੋਏ ਪਰ ਹੌਸਲੇ ਨਾ ਛੱਡੇ। ਸਨ 1726 'ਚ ਭਾਈ ਤਾਰਾ ਸਿੰਘ ਵਾਂ ਦੀ ਸ਼ਹਾਦਤ ਹੋਈ। ਸਿੱਖ ਜੰਗਲਾਂ 'ਚੋਂ ਅਚਾਨਕ ਨਿਕਲ ਕੇ ਮੁਗਲ ਕੈਂਪਾਂ ਤੇ ਹਮਲਾ ਕਰਕੇ ਖਦੇੜਦੇ ਤੇ ਮੁੜ ਜੰਗਲਾਂ 'ਚ ਪਰਤ ਜਾਂਦੇ। ਲਾਹੌਰ ਦੇ ਗਵਰਨਰ ਜਕਰੀਆ ਖਾਨ ਨੇ ਸਿੱਖਾਂ ਨਾਲ ਸਮਝੌਤੇ ਤਹਿਤ ਉਹਨਾਂ ਨੂੰ "ਨਵਾਬੀ" ਦੀ ਪੇਸ਼ਕਸ਼ ਕੀਤੀ। ਸਿੰਘਾਂ ਨੇ ਵੀ ਇਹ ਪ੍ਰਸਤਾਵ ਮੰਨ ਲਿਆ। ਇੱਕ ਸਿਰੜੀ ਸਿੱਖ ਕਪੂਰ ਸਿੰਘ ਨੂੰ 1734 ਵਿਚ ਨਵਾਬ ਦਾ ਖਿਤਾਬ ਦਿੱਤਾ ਗਿਆ ਪਰ ਉਹ ਸੇਵਾਦਾਰ ਬਣ ਕੇ ਹੀ ਵਿਚਰਦਾ ਸੀ। ਭੌੜਾ ਫੜ ਕੇ ਘੋੜਿਆਂ ਦੀ ਲਿੱਦ ਸਾਫ ਕਰਨ ਵਰਗੇ ਕਾਰਜ ਨਾ ਛੱਡੇ। ਉਸ ਨੇ ਆਪਣੀਆਂ ਕੋਸ਼ਿਸ਼ਾਂ ਨਾਲ ਦਲ ਖਾਲਸਾ ਨੂੰ ਜਥੇਬੰਦ ਕੀਤਾ ਜਿਨ੍ਹਾਂ ਤੋਂ 12 ਮਿਸਲਾਂ ਬਣੀਆਂ। ਏਸੇ ਸਮੇਂ 1734 ਵਿੱਚ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਹੋਈ। ਸਨ 1739 'ਚ ਨਾਦਰ ਸ਼ਾਹ ਨੇ ਹਮਲਾ ਕਰ ਕੇ ਦਿੱਲੀ ਨੂੰ ਤਬਾਹ ਕਰ ਦਿੱਤਾ ਤੇ ਫਿਰ ਸਾਰੀ ਲੁੱਟ ਦਾ ਮਾਲ ਲੈ ਕੇ ਅਖਨੂਰ (ਕਸ਼ਮੀਰ) ਰਸਤੇ ਨਿਕਲਣਾ ਚਾਹਿਆ। ਪਰ ਰਸਤੇ 'ਚ ਸਿੰਘਾਂ ਨੇ ਗੁਰੀਲਾ ਹਮਲੇ ਕਰਕੇ ਉਹਦਾ ਮਾਲ ਅਸਬਾਬ ਖੋਹ ਲਿਆ ਤੇ ਨਾਲੇ 2200 ਦੇ ਕਰੀਬ ਕੁੜੀਆਂ ਨੂੰ (ਜੋ ਉਹ ਦਿੱਲੀ ਤੋਂ ਲਿਆਇਆ ਸੀ) ਛੁਡਾ ਕੇ ਘਰੋ-ਘਰੀ ਪਹੁੰਚਾਇਆਂ।



1739 ਵਿੱਚ ਹੀ ਬਾਬਾ ਗਰਜਾ ਸਿੰਘ ਤੇ ਬਾਬਾ ਬੋਤਾ ਸਿੰਘ ਨੇ ਹਕੂਮਤ ਨੂੰ ਵੰਗਾਇਆ ਤੇ ਸ਼ਹੀਦ ਹੋਏ। ਸਨ 1740 ਵਿੱਚ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਵਲੋਂ ਮੱਸੇ ਦਾ ਸਿਰ ਵੱਢਿਆ ਗਿਆ ਤੇ ਸ਼ਹੀਦ ਹੋ ਗਏ। ਫਿਰ 1745 ਵਿੱਚ ਭਾਈ ਤਾਰੂ ਸਿੰਘ ਜੀ ਪੂਹਲਾ ਨੇ ਅਨੋਖੀ ਸ਼ਹਾਦਤ ਦਿੱਤੀ, ਨਾਲ ਹੀ ਸ਼ੁਬੇਗ ਸਿੰਘ ਤੇ ਸ਼ਾਹਬਾਜ ਸਿੰਘ ਦੀ ਲਾਹੌਰ ਵਿਖੇ ਚੜ੍ਹਖੜੀਆਂ ਤੇ ਚੜ੍ਹਾਏ ਗਏ।ਇਸ ਤੋਂ ਬਾਅਦ ਜੂਨ 1746 ਦੇ ਛੋਟੇ ਘੱਲੂਘਾਰੇ ਵਿਚ ਕਾਹਨੂਵਾਨ (ਗੁਰਦਾਸਪੁਰ) 'ਚ 17,000 ਸਿੱਖਾਂ ਦੀਆਂ ਸ਼ਹਾਦਤਾਂ ਹੋਈਆਂ। ਮੁੜ ਔਖੇ ਸਮੇਂ 'ਚੋਂ ਉੱਠ ਕੇ ਸਿੱਖਾਂ ਨੇ ਅੰਮ੍ਰਿਤਸਰ ਵਿਖੇ ਰਾਮਰੌਣੀ ਦਾ ਕਿਲਾ ਉਸਾਰਿਆ। ਮੀਰ ਮੰਨੂੰ ਦੇ 1747 ਵਿਚ ਲਾਹੌਰ ਦਾ ਗਵਰਨਰ ਬਣਨਾ ਤੇ ਅਦੀਨਾ ਬੇਗ ਵੱਲੋਂ ਰਾਮਰੌਣੀ ਦੇ ਕਿਲ੍ਹੇ ਨੂੰ ਚਾਰ ਮਹੀਨੇ ਤੱਕ ਘੇਰਾ ਪਾਈ ਰੱਖਿਆ। ਸਮਝੌਤਾ ਹੋਣ ਤੇ ਛੋਟੇ ਘਲੂਘਾਰੇ ਦੇ ਦੋਸ਼ੀ ਲਖਪੱਤ ਰਾਏ ਨੂੰ ਸਿੱਖਾਂ ਨੂੰ ਸੌਂਪਿਆ ਗਿਆ। ਜ਼ਾਲਮ ਮੀਰ ਮੰਨੂੰ ਨੇ ਆਪਣਾ ਰਾਜ ਖੁੱਸਣ ਦੇ ਡਰੋਂ ਸਿੱਖਾਂ ਦਾ ਖੁਰਾ-ਖੋਜ਼ ਹੀ ਮਿਟਾਉਣ ਦਾ ਫੈਸਲਾ ਕੀਤਾ।

ਸੈਂਕੜੇ ਮਾਸੂਮ ਸਿੱਖ ਲਾਹੌਰ ਵਿਖੇ ਕਤਲ ਕੀਤੇ ਜਾਣ ਲੱਗੇ।ਸਿੰਘਾਂ ਨੇ ਅਬਦਾਲੀ ਦੇ ਚੌਥੇ ਹਮਲੇ (1756) ਵੇਲੇ ਗੁਰੀਲਾ ਹਮਲੇ ਕਰਕੇ ਉਸ ਦਾ ਬਹੁਤ ਨੁਕਸਾਨ ਕੀਤਾ। ਇਸ ਵਿਚ ਉਹ 28,000 ਗੱਡਿਆਂ ਤੇ 80,000 ਘੋੜਿਆਂ ਤੇ ਮਾਲ ਤੇ ਇਸਤਰੀਆਂ ਲੱਦ ਕੇ ਲਿਜਾ ਰਿਹਾ ਸੀ। ਸਿੰਘਾਂ ਨੇ ਬਾਬਾ ਦੀਪ ਸਿੰਘ ਦੀ ਕਮਾਂਡ ਹੇਠ ਗੁਰੀਲਾ ਹਮਲੇ ਕਰਕੇ ਕਾਫੀ ਮਾਲ ਅਸਬਾਬ ਛੁਡਾਇਆ।ਇਸੇ ਕਾਰਣ ਅਬਦਾਲੀ ਖਿਝ ਗਿਆ ਤੇ ਆਪਣੇ ਮੁੰਡੇ ਤੈਮੂਰ, ਜੋ ਲਾਹੌਰ ਦਾ ਗਵਰਨਰ ਸੀ ਨੂੰ ਸਿੱਖਾਂ ਨੂੰ ਸਬਕ ਸਿਖਾਉਣ ਲਈ ਹੁਕਮ ਕੀਤਾ ਤੇ ਜਹਾਨ ਖਾਂ ਨੇ 1757 ਵਿੱਚ ਸਰੋਵਰ ਨੂੰ ਪੂਰ ਦਿੱਤਾ।ਫਿਰ ਅੰਮ੍ਰਿਤਸਰ ਦੀ ਜੰਗ ਵਿਚ ਸਿੱਖਾਂ ਦੀ ਜਿੱਤ ਹੋਈ ਪਰ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਹੋਈ।

1758 ਦੌਰਾਨ ਸਿੱਖਾਂ ਨੂੰ ਥੋੜ੍ਹੀ ਰਾਹਤ ਮਿਲੀ ਤੇ ਉਹਨਾਂ ਨੇ ਦਰਬਾਰ ਸਾਹਿਬ ਦੀ ਮੁੜ ਉਸਾਰੀ ਕਰਵਾਈ। ਪਰ ਅਬਦਾਲੀ ਨੇ ਲਾਹੌਰ ਖੁੱਸਣ ਤੋਂ ਖਿਝ ਕੇ 1759 ਵਿਚ ਪੰਜਵਾਂ ਹਮਲਾ ਕੀਤਾ। ਇਸ ਤੋਂ ਬਾਅਦ 1762 ਵਿਚ ਵੱਡਾ ਘੱਲੂਘਾਰਾ ਹੋਇਆ, ਜਦੋਂ ਕੁੱਪ ਰਹੀੜਾ ਦੇ ਸਥਾਨ ਤੇ 30,000 ਸਿੱਖਾਂ ਨੇ ਸ਼ਹਾਦਤ ਦਿੱਤੀ। ਸਿੰਘਾਂ ਨੇ ਲੱਖੀ ਜੰਗਲ ਵਿੱਚੋਂ ਨਿਕਲ ਕੇ ਮਹਿਰਾਜ ਦੀ ਲੜਾਈ 'ਚ ਮੁੜ 1764 ਵਿਚ ਸਰਹਿੰਦ ਤੇ ਕਬਜਾ ਕਰ ਲਿਆ ਅਤੇ ਕਸੂਰ ਦੇ ਜ਼ਾਲਮ ਉਸਮਾਨ ਖਾਂ ਨੂੰ ਉਸ ਦੇ 500 ਬੰਦਿਆਂ ਸਮੇਤ ਕਤਲ ਕਰ ਦਿੱਤਾ। 1764 'ਚ ਅਬਦਾਲੀ ਨੇ ਸਤਵਾਂ ਹੱਲਾ ਕੀਤਾ ਪਰ ਉਹਦੇ ਹੱਥ ਪੱਲੇ ਕੁਝ ਨਾ ਪਿਆ ਤੇ ਉਹ ਥੱਕ ਹਾਰ ਕੇ ਮੁੜ ਗਿਆ। ਫਿਰ 1765 ਵਿੱਚ ਲਹਿਣਾ ਸਿੰਘ ਤੇ ਗੁੱਜਰ ਸਿੰਘ ਭੰਗੀ ਨੇ 2,000 ਸਿੰਘਾਂ ਦੀ ਫੌਜ ਨਾਲ ਲਾਹੌਰ ਤੇ ਅਤੇ ਸਰਦਾਰਾਂ ਚੜਤ ਸਿੰਘ ਨੇ ਪਾਕਪਟਨ ਅਤੇ ਮੁਲਤਾਨ ਦੇ ਇਲਾਕਿਆਂ ਤੇ ਵੀ ਕਬਜਾ ਕਰ ਲਿਆ।

ਅਬਦਾਲੀ ਦਾ ਅਠਵਾਂ ਹੱਲਾ ਦਸੰਬਰ 1766 ਵਿੱਚ ਹੋਇਆ। ਥਕ ਕੇ ਜਦੋਂ ਮਾਯੂਸ ਹੋਏ ਅਬਦਾਲੀ ਨੇ ਸਮਝੌਤਾ ਕਰਨਾ ਚਾਹਿਆ ਤਾਂ ਸਿੱਖ ਨਾ ਮੰਨੇ। ਸਿੰਘਾਂ ਨੇ ਉਸ ਦੇ 5,000 ਬੰਦਿਆਂ ਦੀ ਵੱਢ-ਟੁੱਕ ਕਰ ਕੇ ਉਨ੍ਹਾਂ ਨੂੰ ਭਜਾ ਦਿੱਤਾ। ਅਬਦਾਲੀ ਦਿੱਲੀ ਤੋਂ ਵਾਇਆ ਮੁਲਤਾਨ ਵਾਪਸ ਅਫਗਾਨਿਸਤਾਨ ਮੁੜ ਗਿਆ। ਸਿੱਖਾਂ ਨੇ ਫਿਰ ਲਾਹੌਰ ਸਮੇਤ ਕਾਫੀ ਇਲਾਕਿਆਂ ਤੇ ਕਬਜਾ ਕਰ ਲਿਆ।ਅਬਦਾਲੀ ਨੇ ਨੌਂਵਾਂ ਹਮਲਾ 1769 'ਚ ਕੀਤਾ ਜੋ ਆਖਰੀ ਸੀ ਤੇ ਉਸ ਲਈ ਬਹੁਤ ਸ਼ਰਮਨਾਕ ਸਾਬਤ ਹੋਇਆ। ਉਸ ਨੂੰ ਸਿੰਘਾਂ ਨੇ ਮੁੜਕੇ ਚਨਾਬ ਦਰਿਆ ਵੀ ਨਾ ਟੱਪਣ ਦਿੱਤਾ ਤੇ ਪੂਰਾ ਡੱਕਾ ਲਾ ਦਿੱਤਾ। ਉਹ ਐਸਾ ਭੱਜਿਆ ਕਿ ਫੇਰ ਨਾ ਮੁੜਿਆ। ਇਸ ਤੋਂ ਬਾਅਦ ਸਿੱਖ 12 ਮਜਬੂਤ ਮਿਸਲਾਂ ਨਾਲ ਇਸ ਇਲਾਕੇ ਵਿੱਚ ਇੱਕ ਵੱਡੀ ਤਾਕਤ ਬਣ ਗਏ। ਆਖਿਰ, ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣੇ (1708) ਤੋਂ ਬਾਅਦ ਤਕਰੀਬਨ 70 ਸਾਲ ਭਿਆਨਕ ਲੜਾਈਆਂ ਕਰਦਿਆਂ ਸਿੱਖ ਯਮੁਨਾ ਤੋਂ ਲੈ ਕੇ ਸਿੰਧ ਦਰਿਆ ਤੱਕ ਪੰਜਾਬ ਤੇ ਕਾਬਜ਼ ਹੋ ਗਏ। ਅੱਗੇ 1769 ਤੋਂ 1798 ਤੱਕ ਮਿਸਲਾਂ ਦਾ ਰਾਜ ਚੱਲਿਆ ਤੇ ਬਾਅਦ ਵਿੱਚ 1801 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਇੱਕ ਵਿਸ਼ਾਲ ਅਤੇ ਮਿਸਾਲੀ ਖਾਲਸਾ ਰਾਜ ਸਥਾਪਿਤ ਕਰ ਦਿੱਤਾ ਜੋ ਲਗਭਗ 40 ਸਾਲ ਚੱਲਿਆ।

ਇਸ ਪੂਰੇ ਲੇਖੇ ਵਿੱਚ ਸਿੱਖਾਂ ਦੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸ਼ਹਾਦਤਾਂ ਦੀ ਗਿਣਤੀ ਨੂੰ ਤਕਰੀਬਨ 1,50,000 ਤੱਕ ਆਂਕਿਆ ਜਾਂਦਾ ਹੈ। ਇੰਨੀਆਂ ਜਾਨਾਂ ਗਵਾ ਕੇ ਆਪਣੇ ਅਕੀਦੇ ਦੀ ਰੱਖਿਆ ਕੀਤੀ, ਜੋ ਦੁਨੀਆਂ ਦੇ ਇਤਿਹਾਸ ਵਿਚ ਇੱਕ ਮਿਸਾਲ ਹੈ। ਇਹ ਸਭ ਬਹਾਦਰ ਸਿੱਖ ਯੋਧਿਆਂ ਦੇ ਸੰਗਠਿਤ ਜਤਨਾਂ ਸਦਕਾ ਹੀ ਸੰਭਵ ਹੋ ਸਕਿਆ।

**October 1 is U.N. International Day of Older People (UNIDOP)**

By Dr Sardar Raja Balraj Singh, Calgary (Canada)

In 1982, the first “World Assembly on Aging” adopted an International Plan of Action at Vienna to shape global policies on aging. October 1 was incepted by a 1991 U.N. Resolution to set out the framework for ensuring the well-being and dignity of elderly people. The “Second World Assembly on Aging” at Madrid in 2002 reiterated the resolve to address the challenges posed by an increasing population of senior citizens (aged above 65 years).

During 1980 to 2021 global population of the elderly rose from about 260 million to around 760 million. It is estimated that these numbers will surge very significantly in the future and may reach about 1.6 billion by 2050. They are an asset, for their skills, talents, experiences, perspectives, resilience. Governments in some countries have made laws for their care. Yet this group often lacks autonomy and the power to make decisions, faces neglect and abuse and is often relegated to the sidelines of society. The longevity of people in Okinawa (Japan) and Hunza (Pakistan) is attributed to the love and care they receive in their families.




Talking to them prevents deterioration of their memory, as well as communication and hearing ability. It also reduces the chances of Alzheimer’s disease.

The targeted objective for 2023 of UNIDOP is to work for the protection of human rights of the elderly by exchange of experiences among different age groups and to honor their physical and emotional needs.. The observation of this day every year is to raise awareness about the challenges faced by ageing population. Involve all stakeholders in addressing them and emphasize the significance of the services of the older people to the lives of the younger generation. It would enable them to live more fulfilling lives and make further contributions to society in the evening of their lives.


ਈ ਦੀਵਾਨ ਸੁਸਾਇਟੀ(ਕੈਲਗਰੀ)
ਵੱਲੋਂ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ
ਅੰਤਰਰਾਸ਼ਟਰੀ ਕਵੀ ਦਰਬਾਰ
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਮਿਤੀ 14 ਸਤੰਬਰ
ਸ਼ਨੀਵਾਰ
9 AM ਕੈਲਗਰੀ –ਮਸਕਟ 7 PM
ਸਮਾਂ:
8:30 PM ਇੰਡੀਆ
8:00 AM ਬੀ ਸੀ
11:00 AM ਟੋਰੰਟੋ
ਪਹੁੰਚ ਰਹੇ ਕਵੀ ਸਹਿਬਾਨ
ਸੁਜਾਨ ਸਿੰਘ ਸੁਜਾਨ
ਟੋਰੰਟੋ
ਇੰਜ. ਕਰਮਜੀਤ ਸਿੰਘ ਨੂਰ
ਐਡਮੰਟਨ
ਕੁਲਵੰਤ ਸਿੰਘ ਸੈਦੋਕੇ
ਪਟਿਆਲਾ
ਅਮਨਬੀਰ ਸਿੰਘ ਧਾਮੀ
ਸਾਊਥ ਕੋਰੀਆ
ਬੀਬੀ ਸੁਰਜੀਤ ਕੌਰ
ਸੈਕਰਾਮੈਂਟੋ
ਸੁੰਦਰਪਾਲ ਕੌਰ ਰਾਜਾਸਾਂਸੀ
ਟੋਰੰਟੋ
ਗੁਰਚਰਨ ਸਿੰਘ ਹੇਹਰ
ਕੈਲਗਰੀ
ਜਸਵਿੰਦਰ ਸਿੰਘ ਰੁਪਾਲ
ਕੈਲਗਰੀ
ਸਰਬਜੀਤ ਕੌਰ ਸਰਬ
ਉਤਰਾਖੰਡ
ਸੰਦੀਪ ਕੌਰ ਰੂਹਵ
ਕੈਲਗਰੀ
ਅਵਤਾਰ ਸਿੰਘ ਆਦਮਪੁਰੀ
ਸਿਆਟਲ
ਅਮਨਪ੍ਰੀਤ ਸਿੰਘ ਦੁਲੱਟ
ਕੈਲਗਰੀ
ਬਲਕਾਰ ਸਿੰਘ ਬੱਲ
ਮਸਕਟ
ZOOM ID 98294816545
ਉਡੀਕਵਾਨ: ਈ ਦੀਵਾਨ ਸੋਸਾਇਟੀ ਕੈਲਗਰੀ ਦੀ ਸਮੂਹ ਸੰਗਤ ਤੇ ਅਹੁਦੇਦਾਰ


Avtar Singh Adampuri
Dr. S S Bhatti
Galaxy S8
Xiaomi 23076RN4BI
Gurdish kaur grewal
Sunder Pal Rajasansi
SARABJEET KAUR
Jagbir Singh
Dr. Balraj Singh
Karamjit Singh Noor
Aman dulat
Manjit Kaur
Parneet Kaur
Brijminder Kaur
Amitoj Kaur
Amitoj Kaur

## ਈ ਦੀਵਾਨ ਸੋਸਾਇਟੀ ਕੈਲਗਰੀ ਵਲੋਂ ਅੰਤਰਰਾਸ਼ਟਰੀ ਕਵੀ ਦਰਬਾਰ ਦੀ ਰਿਪੋਰਟ

ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (+1 403 465 1586)

*

14 ਸਤੰਬਰ 2024 ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਕਵੀ ਦਰਬਾਰ ਆਯੋਜਿਤ ਕੀਤਾ ਗਿਆ, ਜਿਸ ਵਿੱਚ ਕਈ ਦੇਸ਼ਾਂ ਤੋਂ ਕਵੀਆਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਪਹਿਲਾਂ ਡਾ. ਰਾਜਾ ਬਲਰਾਜ ਸਿੰਘ ਨੇ 'ਜੀ ਆਇਆਂ' ਆਖਦੇ ਹੋਏ ਕਵੀ ਦਰਬਾਰ ਦੇ ਮਕਸਦ ਤੇ ਚਾਨਣਾ ਪਾਇਆ। ਫਿਰ ਟੋਰਾਂਟੋ ਤੋਂ ਅਨੁਰੀਤ ਕੌਰ, ਅਮਿਤੋਜ ਕੌਰ ਅਤੇ ਮਨਰੀਤ ਕੌਰ ਨੇ ਗੁਰਬਾਣੀ ਸ਼ਬਦ ਗਾਇਨ ਕੀਤਾ। ਜੈਪੁਰ ਤੋਂ ਬ੍ਰਿਜਮਿੰਦਰ ਕੌਰ ਨੇ ਸ਼ਬਦ "ਮੈ ਅੰਧਲੇ ਕੀ ਟੇਕ ਤੇਰਾ ਨਾਮ ਖੁੰਦਕਾਰਾ" ਸੁਣਾਇਆ।

ਕਵੀ ਦਰਬਾਰ ਦੀ ਸ਼ੁਰੂਆਤ ਬਰੈਂਪਟਨ ਤੋਂ ਸਿਮਰਲੀਨ ਕੌਰ, ਪਰਨੀਤ ਕੌਰ ਅਤੇ ਸ. ਪਰਮਜੀਤ ਸਿੰਘ ਨੇ ਸ. ਕਰਮਜੀਤ ਸਿੰਘ ਨੂਰ ਦੇ ਗੀਤ "ਗੁਰਸਿੱਖ ਦੇ ਪ੍ਰਾਣ ਗੁਰਬਾਣੀ" ਗਾ ਕੇ ਕੀਤੀ। ਸਰਬਜੀਤ ਕੌਰ ਸਰਬ (ਉੱਤਰਾਖੰਡ) ਨੇ ਆਪਣੀ ਕਵਿਤਾ "ਸਰਬ ਸਾਂਝਾ ਗਿਆਨ ਦਾ ਨੂਰ ਬਾਣੀ" ਸੁਣਾਈ । ਪਟਿਆਲੇ ਤੋਂ ਸ. ਕੁਲਵੰਤ ਸਿੰਘ ਸੇਦੋਕੇ ਨੇ ਦਵਈਆ ਛੰਦ ਵਿਚ ਕਵਿਤਾ "ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਬਾਣੀ ਧੁਰ ਤੋਂ ਆਈ" ਗਾ ਕੇ ਕਵੀਸ਼ਰੀ ਰੰਗ ਦਿੱਤਾ। ਸ. ਜਸਵਿੰਦਰ ਸਿੰਘ "ਰੁਪਾਲ" ਨੇ ਇੱਕ ਕਵਿਤਾ "ਵਾਹ ਵਾਹ ਬਾਣੀ ਨਿਰੰਕਾਰ ਦੀ ਏ " ਰਾਹੀਂ ਬਾਣੀ ਦੀ ਮਹੱਤਤਾ ਦਰਸਾਈ। ਜਲੰਧਰ ਤੋਂ ਉਸਤਾਦ ਕਵੀ ਸ. ਕਰਮਜੀਤ ਸਿੰਘ ਨੂਰ ਨੇ ਆਪਣੀ ਕਵਿਤਾ ਵਿੱਚ ਜਿੱਥੇ ਸ਼ਬਦ-ਗੁਰੂ ਦੀ ਵਡਿਆਈ ਕੀਤੀ, ਉੱਥੇ ਗੁਰਬਾਣੀ ਤੋਂ ਟੁੱਟਿਆਂ ਨੂੰ ਵੀ ਜਗਾਇਆ।

ਮਸਕਟ ਤੋਂ ਸ. ਬਲਕਾਰ ਸਿੰਘ ਬੱਲ ਜੀਂ ਨੇ ਗੁਰਦੀਸ਼ ਕੌਰ ਗਰੇਵਾਲ ਦਾ ਗੀਤ "ਬਾਣੀ ਹੈ ਇਹ ਧੁਰ ਕੀ ਬਾਣੀ, ਬਾਣੀ ਜਨਮ ਸਵਾਰੇ" ਗਾ ਕੇ ਸੁਣਾਇਆ। ਟੋਰਾਂਟੋ ਤੋਂ ਸੁੰਦਰਪਾਲ ਕੌਰ ਰਾਜਾਸਾਂਸੀ ਨੇ ਕੋਰੜਾ ਛੰਦ ਵਿਚ ਆਪਣੀ ਕਵਿਤਾ "ਗੁਰੂ ਗ੍ਰੰਥ ਜੀਂ ਤੋਂ ਜਾਵਾਂ ਬਲਿਹਾਰ ਜੀਂ ਗਾ ਕੇ ਸੁਣਾਈ। ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਆਪਣਾ ਗੀਤ "ਮੇਰੇ ਤਨ ਮਨ ਅੰਮ੍ਰਿਤ ਘੋਲਿਆ, ਗੁਰੂ ਦੀ ਬਾਣੀ ਨੇ" ਗਾ ਕੇ ਸੁਣਾਇਆ। ਸਿਆਟਲ ਤੋਂ ਸ. ਅਵਤਾਰ ਸਿੰਘ ਆਦਮਪੁਰੀ ਨੇ ਆਪਣੀ ਕਵਿਤਾ "ਪੜ੍ਹਿਆ ਕਰ ਸਤਿਗੁਰ ਦੀ ਬਾਣੀ" ਰਾਹੀਂ ਗੁਰਬਾਣੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਕੈਲਗਰੀ ਤੋਂ ਸ. ਗੁਰਚਰਨ ਸਿੰਘ ਹੇਅਰ ਨੇ ਗੁਰੂ ਅਰਜਨ ਸਾਹਿਬ ਵਲੋਂ ਕਾਹਨਾ ਭਗਤ ਦੀ ਬਾਣੀ ਯੋਗ ਨਾ ਸਮਝ ਕੇ ਗ੍ਰੰਥ ਵਿਚ ਸ਼ਾਮਲ ਨਾ ਕਰਨ ਬਾਰੇ "ਕਾਹਨਾ ਤੇਰੀ ਬਾਣੀ ਨਾ ਢੁਕੇ ਕਸਵੱਟੀ ਤੇ" ਕਵਿਤਾ ਸੁਣਾਈ। ਗੁਰਦੀਸ਼ ਕੌਰ ਗਰੇਵਾਲ ਨੇ ਕਬਿੱਤ ਛੰਦ ਵਿਚ ਇੱਕ ਕਵਿਤਾ ਸੁਣਾਈ। ਕੈਲਗਰੀ ਤੋਂ ਹੀ ਬੀਬੀ ਸੰਦੀਪ ਕੌਰ ਨੇ ਕਵਿਤਾ "ਨਿਰੰਕਾਰ ਹੀ ਗੋਬਿੰਦ ਹੈ, ਗੋਬਿੰਦ ਹੀ ਅਕਾਲ ਹੈ" ਅਤੇ ਅਮਨਪ੍ਰੀਤ ਸਿੰਘ ਦੁਲਟ ਨੇ ਗੁਰੂ ਗ੍ਰੰਥ ਸਾਹਿਬ ਬਾਰੇ ਕਵਿਤਾ ਛੋਟੀ ਬਹਿਰ ਵਿਚ ਪੇਸ਼ ਕੀਤੀ। ਟੋਰਾਂਟੋ ਤੋਂ ਸ. ਸੁਜਾਨ ਸਿੰਘ ਸੁਜਾਨ ਜੀਂ ਨੇ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਮਿਲਣ ਸਮੇਂ ਦਾ ਬਿਰਤਾਂਤ "ਅੰਬਰ ਝੁਕ ਕੇ ਓਸ ਨੂੰ ਦੇਖਣ ਲਈ ਆਇਆ" ਗੀਤ ਸੁਣਾਇਆ।

ਅਨੰਦ ਸਾਹਿਬ ਦੇ ਪਾਠ ਅਤੇ ਅਰਦਾਸ ਉਪਰੰਤ ਪਵਿੱਤਰ ਹੁਕਮਨਾਮਾ ਲੈ ਕੇ ਇਹ ਕਵੀ ਦਰਬਾਰ ਸਫ਼ਲਤਾ ਪੂਰਵਕ ਸਮਾਪਤ ਹੋਇਆ।

## ੴ ਵਾਹਿਗੁਰੂ ਜੀ ਕੀ ਫ਼ਤਹਿ

## ਸ੍ਰੀ ਗੁਰ ਗ੍ਰੰਥ ਸਾਹਿਬ ਦੀ ਜਾਣਕਾਰੀ ਸੰਬੰਧੀ ਸਵਾਲ

## Question-Answers relating to Sri Guru Granth Sahib Ji

## श्री गुरू ग्रंथ साहिब जी के संबंध में जानकारी

ਪ੍ਰਸ਼ਨ 1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਵਾਰ ਸੰਪਾਦਨਾ ਕਿਸ ਗੁਰੂ ਸਾਹਿਬ ਨੇ ਕਰਵਾਈ ਸੀ ?

ਉੱਤਰ:– ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਵਾਰ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਰਵਾਈ ਸੀ ।

Q1. Which Guru Sahib compiled Sri Guru Granth Sahib Ji the first time ?

Ans. Sri Guru Granth Sahib Ji was compiled by Sri Guru Arjan Dev Ji the first time.

प्रश्न 1: श्री गुरू ग्रंथ साहिब जी की पहली बार संपादना किस गुरू साहिब ने करवाई थी?

उत्तर: श्री गुरू ग्रंथ साहिब जी की पहली बार संपादना श्री गुरू अर्जुन देव जी ने करवाई थी।

ਪ੍ਰਸ਼ਨ 2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਸ ਤੋਂ ਲਿਖਣ ਦੀ ਸੇਵਾ ਲਈ ਸੀ ?

ਉੱਤਰ:– ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਣ ਦੀ ਸੇਵਾ ਲਈ ਸੀ ।

Q2. Whose services did Sri Guru Arjan Dev Ji take for the writing of Sri Guru Granth Sahib Ji ?

Ans. Sri Guru Arjan Dev Ji took the services of Bhai Gurdas Ji for the writing of Sri Guru Granth Sahib Ji.

प्ररन 2: श्री गुरू अर्जुन देव जी ने श्री गुरू ग्रंथ साहिब की संपादना के लिए किस सेवा लेखन की सेवा ली?

उत्तर: श्री गुरू अर्जुन देव जी ने श्री गुरू ग्रंथ साहिब की संपादना के लिए भाई गुरूदास जी से लेखन की सेवा ली।

ਪ੍ਰਸ਼ਨ 3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਕਿਸ ਸਥਾਨ ਤੇ ਲਿਖੀ ਗਈ ਸੀ ?

ਉਤਰ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਰਾਮਸਰ ਸਰੋਵਰ ਦੇ ਕੰਢੇ, ਸ੍ਰੀ ਅੰਮ੍ਰਿਤਸਰ ਵਿਖੇ ਲਿਖੀ ਗਈ ਸੀ ।

Q3. Where was 'AADI Bir' of Sri Guru Granth Sahib Ji written ?

Ans. 'AADI Bir' of Sri Guru Granth Sahib Ji was written on the bank of Ramsar Sarovar, Amritsar.

प्ररन 3: श्री गुरू ग्रंथ साहिब जी की आदि बीड़ किस स्थान पर लिखी गई?

उत्तर: श्री गुरू ग्रंथ साहिब जी की आदि बीड रामदास सरोवर के किनारे श्री अमृतसर साहिब में लिखी गई थी।

ਪ੍ਰਸ਼ਨ 4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਸੰਪਾਦਨਾ ਕਦੋਂ ਸੰਪੂਰਨ ਹੋਈ ?

ਉਤਰ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਸੰਪਾਦਨਾ ਸੰਨ 1604 ਵਿੱਚ ਸੰਪੂਰਨ ਹੋਈ ।

Q4. When was the first edition of Sri Guru Granth Sahib Ji completed ?

Ans. The first edition of Sri Guru Granth Sahib Ji was completed in 1604.

प्रश्न 4: श्री गुरू ग्रंथ साहिब की संपादना कब संपूर्ण हुई?

उत्तर: श्री गुरू ग्रंथ साहिब की संपादना 1604 ईसवी में सम्पूर्ण हुई।

ਪ੍ਰਸ਼ਨ 5. 1604 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਸਮੇਂ ਕਿੰਨੇ ਗੁਰੂ ਸਾਹਿਬਾਂ ਦੀ ਬਾਣੀ ਦਰਜ ਸੀ ?

ਉਤਰ:- 1604 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਸਮੇਂ ਪੰਜ ਗੁਰੂ ਸਾਹਿਬਾਨ ਦੀ ਬਾਣੀ ਦਰਜ ਸੀ ।

**Book Review**




ਲੇਖਕ : ਸਰਦਾਰ ਪਰਕਾਸ਼ ਸਿੰਘ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮਹਾਲੀ) ਨਿਵਾਸੀ ਲੇਖਕ ਸਰਦਾਰ ਪਰਕਾਸ਼ ਸਿੰਘ ਜੀ ਨੇ "ਸਿੱਖ ਧਰਮ ਦੇ ਵਾਧੇ ਦਾ ਉਪਰਾਲਾ ਅਤੇ ਵਿਧੀ" (A Treatise on the Practical Advancement of Sikhism) ਸਿਰਲੇਖ ਹੇਠ ਇੱਕ ਬਹੁਤ ਅਨਮੋਲ ਪੁਸਤਕ ਲਿਖੀ ਹੈ। ਇਸ ਦੇ ਮੁੱਖ ਵਿਸ਼ੇ ਹਨ : ਸਿੱਖ ਪਰਿਵਾਰਾਂ ਵਿਚੋਂ ਬੱਚੇ ਸਿੱਖੀ ਤੋਂ ਦੂਰ ਕਿਉਂ ਜਾ ਰਹੇ ਹਨ, ਲੋੜਵੰਦ ਸਿੱਖ ਬੱਚਿਆਂ ਦੀ ਵਿੱਦਿਆ ਲਈ ਸਹਾਇਤਾ ਦੇ ਕੀ ਪ੍ਰਬੰਧ ਕੀਤੇ ਜਾ ਸਕਦੇ ਹਨ ਅਤੇ ਗੁਰਮੁਖੀ ਲਿਪੀ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਦੇ ਕੀ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਇਨ੍ਹਾਂ ਅਤੇ ਕੁਝ ਹੋਰ ਵਿਸ਼ਿਆਂ ਤੇ ਵਿਦਵਾਨ ਲੇਖਕ ਨੇ ਬਹੁਤ ਢੁਕਵੇਂ ਸੁਝਾਅ ਦਿੱਤੇ ਹਨ ਜਿਨ੍ਹਾਂ ਤੇ ਸਿੱਖ ਕੌਮ ਨੂੰ ਮਿਲ ਕੇ ਗੰਭੀਰਤਾ ਨਾਲ ਕੰਮ ਕਰਨਾ ਜ਼ਰੂਰੀ ਹੈ। ਉਨ੍ਹਾਂ ਨੇ ਦਸਵੰਧ, ਗੁਰਦਵਾਰਾ ਸੁਧਾਰ, ਸਿੱਖੀ ਦੇ ਸਹੀ ਪ੍ਰਚਾਰ ਅਤੇ ਸਿੱਖ ਲੀਡਰਸ਼ਿਪ ਬਾਰੇ ਵੀ ਵੱਡਮੁਲੇ ਵਿਚਾਰ ਦਿੱਤੇ ਹਨ। ਹਰ ਸਿੱਖ ਨੂੰ ਇਹ ਪੁਸਤਕ ਪੜ੍ਹਨੀ ਅਤੇ ਇਨ੍ਹਾਂ ਕਾਰਜਾਂ ਵਿਚ ਸ਼ਾਮਲ ਹੋਣਾ ਚਾਹੀਦਾ ਹੈ।

ਸਰਦਾਰ ਪਰਕਾਸ਼ ਸਿੰਘ ਨੇ Indian Institute of Technology (IIT), Kharagpur ਤੋਂ Dams Engineering ਵਿਚ ਅਤੇ IIT, Delhi ਤੋਂ Systems Engineering ਦੀ ਪੜ੍ਹਾਈ ਕਰ ਕੇ Water Resources Development and Conservation ਵਿਭਾਗਾਂ ਵਿਚ ਉਚੀਆਂ ਪਦਵੀਆਂ ਤੇ ਭਾਰਤ ਅਤੇ ਵਿਦੇਸ਼ਾਂ ਵਿਚ ਸ਼ਲਾਘਾਯੋਗ ਕੰਮ ਕੀਤਾ ਹੈ।

ਅਜੋਕੇ ਸਮੇ ਦੇ ਹੋਰ ਕਈ ਸਿੱਖਾਂ ਵਾਂਗ ਸਰਦਾਰ ਪਰਕਾਸ਼ ਸਿੰਘ ਸਿੱਖ ਕੌਮ ਦੇ ਵਾਧੇ ਬਾਰੇ ਸੋਚਦੇ ਹਨ। ਉਹ ਆਪਣੇ ਆਪ ਨੂੰ Lonely Wayfarer ਦੱਸਦੇ ਹਨ। ਪਰ ਭਾਰਤ ਅਤੇ ਬਾਹਰਲੇ ਕਈ ਮੁਲਕਾਂ (ਖਾਸ ਤੌਰ ਤੇ ਕੈਨੇਡਾ, ਅਮਰੀਕਾ, ਅਸਟ੍ਰੇਲੀਆ ਅਤੇ ਯੂਰਪ) ਵਿਚ ਸਿੱਖ ਸੰਸਥਾਵਾਂ ਸਿੱਖੀ ਦੇ ਵਾਧੇ ਅਤੇ ਸਮਾਜਕ ਸੁਧਾਰ ਲਈ ਕੰਮ ਕਰ ਰਹੀਆਂ ਹਨ। ਲੇਖਕ ਵਲੋਂ ਦਿੱਤੇ ਸੁਝਾਅ ਇਸ ਕੰਮ ਵਿਚ ਸਹਾਈ ਹੋ ਸਕਦੇ ਹਨ।

**Thanksgiving Day – 9 October**






'hanksgivings" is a day of prayer nd thanking God for His various blessings. ı some countries, people express gratitude ɔr their military victory or the end of drought. Others celebrate the arrival of their ich harvests. The U.S. Congress proclaimed national holiday upon the enactment of the ountry's Constitution. Later, the date was ɛft to the states. The observation first got pproval and support of President Abraham incoln in 1863, during the Civil War. At ıany places, it began as a religious day. Iowever, gradually the holiday moved away rom its religious roots to allow natives and nmigrants of different backgrounds to articipate in a common tradition.

Thanksgiving Day food includes mainl pumpkin pie, cranberries and turkey. Peopl play games and the day is associated wit parades of costumed revelers wit huge balloons.It has now come to symboliz intercultural peace in most of North Americ and also in Australia. Many people, includin Natives in Canada and America, howeve believe the celebrations mask the true histor of oppression underlying their relationshi with European settlers. Gurbani (as in S Guru Granth Sahib, page 257) enjoins all t thank God on every day of life. Sikhs, i particular, say the following prayer befor meals, as gratitude.

ਦਾ ਦਾਤਾ ਏਕੋ ਹੈ ਸਭ ਕਉ ਦੇਵਨਹਾਰ॥ ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥

ਨਹਾਰੁ ਸਦ ਜੀਵਨਹਾਰਾ॥ ਮਨ ਮੂਰਖ ਕਿਉ ਤਾਹਿ ਬਿਸਾਰਾ॥ 257॥

ਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥ 920 ॥

Vhy forget from the mind such a Great Giver, who gave us sustenance in the fire of the womb?

**Student Ransher Raj Singh, Calgary (Canada)**

# ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਸ੍ਰੀ ਗਰੂ ਹਰਿਗੋਬਿੰਦ ਜੀ ਦੇ ਕੀਰਤਪੁਰ ਚਲੇ ਜਾਣ ਤੋਂ ਬਾਅਦ ਆਦਿ ਬੀੜ ਸ੍ਰੀ ਅੰਮਿਤ੍ਰਸਰ ਹੀ ਰਹੀ ਜਿੱਥੇ ਬਾਬਾ ਪਿੱਥੀਚੰਦ ਦੀ ਸੰਤਾਨ ਆਪਣੀ ਗੁਰਗੱਦੀ ਚਲਾਂਦੀ ਰਹੀ। ਆਦਿ ਬੀੜ ਤੇ ਵੀ ਇਨ੍ਹਾਂ ਦਾ ਕਬਜ਼ਾ ਰਿਹਾ।ਮਾਂਗਟ ਨਿਵਾਸੀ ਭਾਈ ਬੰਨੋ ਨੇ ਆਦਿ ਬੀੜ ਦੇ ਨਾਲ ਇਕ ਹੋਰ ਬੀੜ ਵੀ ਤਿਆਰ ਕਰ ਲਈ ਸੀ ਪਰ ਇਸ ਵਿਚ ਕੁਝ ਵਾਧੂ ਬਾਣੀ ਪਉਣ ਕਰਕੇ ਇਹ ਬੀੜ ਪ੍ਰਵਾਣਤ ਨਾ ਹੋਈ। ਸੰਗਤਾਂ ਦੁਆਰਾ ਆਪਣੇ ਪਾਠ ਕੀਰਤਨ ਲਈ ਇਨ੍ਹਾ ਬੀੜਾਂ ਦੀਆਂ ਨਕਲਾਂ ਜ਼ਰੂਰ ਤਿਆਰ ਕਰ ਲਈਆਂ ਗਈਆਂ।

ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਉਨ੍ਹਾਂ ਦੁਆਰਾ ਅਗਲੇ ਗੁਰੂ ਲਈ "ਬਾਬਾ ਬਕਾਲੇ" ਕਹਿਣ ਨਾਲ ਪ੍ਰਵਾਰ ਦੇ ਕਈ ਸੋਢੀ ਬਕਾਲਾ ਨਗਰ ਵਿਖੇ ਆਪਣੀਆਂ ਗੱਦੀਆਂ ਲਾ ਕੇ ਬੈਠ ਗਏ ਜਿਨ੍ਹਾ ਵਿਚੋਂ ਗੁਰੂ ਹਰਿਗੋਬਿੰਦ ਜੀ ਦਾ ਪੋਤਰਾ ਬਾਬਾ ਧੀਰ ਮਲ ਆਪਣੇ ਆਪ ਨੂੰ ਸੱਚਾ ਗੁਰੂ ਕਹਿਲਾਂਦਾ ਸੀ ਕਿਉਂਕਿ ਉਸਦੇ ਪਾਸ ਆਦਿ ਬੀੜ ਦੀ ਪੋਥੀ ਸੀ । ਭਾਈ ਮੱਖਣ ਸ਼ਾਹ ਲੁਬਾਣੇ ਦੁਆਰਾ ਸੱਚੇ ਗੁਰੂ ਦੀ ਖੋਜ ਕਰਨ ਉਪ੍ਰੰਤ ਗੁਰੂ ਤੇਗ ਬਹਾਦਰ ਜੀ ਸੱਚੇ ਗੁਰੂ ਪ੍ਰਗਟ ਹੋ ਗਏ । ਸਿੱਖ ਸੰਗਤਾਂ ਨੇ ਇਕ ਵਾਰ ਧੀਰਮਲ ਪਾਸੋਂ ਆਦਿ ਬੀੜ ਲੈ ਲਈ ਪਰੰਤੂ ਗੁਰੂ ਤੇਗ ਬਹਾਦਰ ਜੀ ਨੇ ਵਾਪਸ ਕਰਵਾ ਦਿੱਤੀ ।ਓਦੋਂ ਦੀ ਇਹ ਬੀੜ ਧੀਰਮਲ ਦੇ ਖਾਨਦਾਨ ਪਾਸ ਕਰਤਾਰਪੁਰ ਨਗਰ ਵਿਚ ਹੋਣ ਕਾਰਨ 'ਕਰਤਾਰਪੁਰੀ ਬੀੜ" ਕਰਕੇ ਪ੍ਰਸਿੱਧ ਹੈ । ਸਿੱਖ ਸੰਗਤਾਂ ਆਪਣੇ ਜ਼ਾਤੀ ਤੇ ਸੰਗਤੀ ਪਾਠ ਕੀਰਤਨ ਤੇ ਸਤਿਸੰਗ ਲਈ ਗੁਰਬਾਣੀ ਦੀਆਂ ਹੱਥ ਲਿਖਤ ਨਕਲਾਂ ਪੋਥੀਆਂ ਤੇ ਗੁਟਕੇ ਤਿਆਰ ਕਰਦੀਆਂ ਤੇ ਕਰਵਾਂਉਂਦੀਆਂ ਸਨ ।

ਆਦਿ ਬੀੜ ਦਰਬਾਰ ਸਹਿਬ ਇਕ ਸਥਾਨ ਤੇ ਸਥਾਪਤ ਹੋਣ ਕਾਰਨ ਬਹੁਤੀਆਂ ਨਕਲਾਂ ਭਾਈ ਮਾਗਟ ਵਾਲੀ ਬੀੜ ਤੋਂ ਹੋਈਆਂ । 'ਪ੍ਰਾਚੀਨ ਬੀੜਾਂ' ਦੇ ਲੇਖਕ – ਸ੍ਰੀ ਜੀ ਬੀ ਸਿੰਘ ਨੇ ਆਪਣੀ ਇਸ ਪੁਸਤਕ ਵਿਚ 175 ਪੁਰਾਤਨ ਬੀੜਾਂ ਦੇਖਣ ਦਾ ਜ਼ਿਕਰ ਕੀਤਾ ਹੈ ।

ਸੰਮਤ 1762-63 ਵਿਚ ਆਪਣੇ ਦਮਦਮਾਂ ਨਿਵਾਸ ਦੌਰਾਨ ਗੁਰੂ ਗੋਬੰਦ ਸਿੰਘ ਜੀ ਨੇ ਆਦਿ ਬੀੜ ਦੀ ਸੰਪੂਰਨ ਤੇ ਪ੍ਰਮਾਣਿਕ ਬੀੜ ਤਿਆਰ ਕਰਨ ਲਈ ਧੀਰਮਲੀਆਂ ਪਾਸ ਆਦਿ ਬੀੜ ਲੈਣ ਲਈ ਆਪਣੇ ਸਿੱਖ ਭੇਜੇ। ਪਰ ਧੀਰਮਲੀਆਂ ਨੇ ਬੀੜ ਦੇਣ ਤੋਂ ਨਾਹ ਕਰ ਦਿੱਤੀ। ਇਸ ਉਪ੍ਰੰਤ ਗੁਰੂ ਜੀ ਨੇ ਆਪ ਬੀੜ ਤਿਆਰ ਕਰਨੀ ਦਾ ਆਰੰਭ ਕੀਤੀ। ਉਨ੍ਹਾਂ ਦਮਦਮਾ ਸਾਹਿਬ ਦੇ ਇਕ ਇਕਾਂਤ ਸਥਾਨ ਦੇ ਤੰਬੂ ਲਗਵਾਏ ਤੇ ਲੋੜੀਂਦੀ ਸਮੱਗ੍ਰੀ ਇਕੱਤਰ ਕੀਤੀ। ਭਾਈ ਮਨੀ ਸਿੰਘ ਜੀ ਨੂੰ ਲਿੱਖਣ ਦਾ ਕਾਰਜ ਸੌਂਪਿਆ। ਇਸ ਬੀੜ ਵਿਚ ਗੁਰੂ ਜੀ ਨੇ ਆਪਣੇ ਗੁਰੂ ਤੇਗ ਬਹਾਦਰ ਦੀ ਰਚੀ ਬਾਣੀ ਵੀ ਸ਼ਾਮਿਲ ਕੀਤੀ। ਇਹ ਬੀੜ ਦਮਦਮੀ ਬੀੜ ਦੇ ਨਾਮ ਨਾਲ ਜਾਣੀ ਗਈ। ਗੁਰੂ ਜੀ ਬੀੜ ਲਈ ਵਰਤੀ ਗਈ ਬਚੀ ਹੋਏ ਸਮੱਗ੍ਰੀ ਕਾਗ਼ਜ਼, ਕਲਮਾਂ ਸਿਆਹੀ ਆਦਿਕ ਮੁਕਤਸਰ ਸਰੋਵਰ ਲੈ ਗਏ। ਅਰਦਾਸ ਕਰਕੇ ਗੁਰੂ ਜੀ ਦੇ ਹੁਕਮ ਨਾਲ ਸੰਗਤਾਂ ਨੇ ਸਾਰੀ ਸਮੱਗ੍ਰੀ ਸਰੋਵਰ ਵਿਚ ਸੁੱਟ ਦਿੱਤੀ। ਗੁਰੂ ਜੀ ਨੇ ਇਸ ਸਥਾਨ ਨੂੰ ਗੁਰੂ ਕੀ ਕਾਂਸ਼ੀ ਕਹਿ ਕੇ ਫ਼ੁਰਮਾਇਆ ਕਿ ਇਥੇ ਗੁਰਬਾਣੀ ਦੀ ਸਿੱਖਿਆ ਪੜ੍ਹੀ ਲਿੱਖੀ ਜਾਵੇਗੀ।

ਸੰਗਤਾਂ ਨੇ ਗੁਰੂ ਜੀ ਦੀ ਭਵਿੱਖ ਬਾਣੀ ਨੂੰ ਸਾਰਥਕ ਕਰਦਿਆਂ ਇਥੇ ਗੁਰੂ ਕੀ ਕਾਸ਼ੀ ਯੂਨਵਿਰਸਿਟੀ ਸਥਾਪਤ ਕੀਤੀ ।

ਗੁਰੂ ਜੀ ਦੱਖਣ ਵਲ ਜਾਣ ਲਗਿਆਂ ਦਮਦਮੀ ਬੜਿ ਨੂੰ ਹੀ ਨਾਲ ਲੈਕੇ  ਗਏ ਤੇ ਇਸੇ ਬੀੜ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਪਦਵੀ ਦਿੱਤੀ ।ਮਗਰੋਂ ਬਾਬਾ ਦੀਪ ਸਿੰਘ ਸ਼ਹੀਦ  ਨੇ ਤਖਤ ਸ੍ਰੀ ਦਮਦਮਾਂ ਸਾਹਿਬ ਦੇ ਜੱਥੇਦਾਰ ਹੁੰਦਿਆਂ ਇਸ ਬੀੜ ਦੀਆਂ ਚਾਰ ਨਕਲਾਂ ਤਿਆਰ ਕਰਕੇ ਚਾਰ ਤਖਤਾਂ ਤੇ ਸਥਾਪਤ ਕਰਵਾਈਆਂ ।

ਨੰਦੇੜ ਸਾਹਿਬ ਵਿਚ ਮਾਧੋ ਦਾਸ ਬੈਰਾਗੀ ਨੂੰ ਬੰਦਾ ਬਹਾਦਰ ਸਿੰਘ ਸਜਾਕੇ ਜ਼ਾਲਮਾਂ ਦਾ ਨਾਸ ਕਰਨ ਤੇ ਹਲੇਮੀ ਰਾਜ ਸਥਾਪਤ ਕਰਨ ਲਈ ਸਿੱਖ ਪੰਥ ਦੀ ਅਗਵਾਹੀ ਕਰਨ ਲਈ ਭੇਜਿਆ । ਨਦੇੜ ਸਾਹਿਬ ਵਿਖੇ  ਕੱਤਕ ਸੁਦੀ ਪੰਚਮੀ ,ਵੀਰਵਾਰ ਸੰਮਤ ਬਿਕ੍ਰਮੀ 1765, 6 ਅਕਤੂਬਰ 1708 ਨੂੰ ਵਜ਼ੀਰ ਖਾਨ ਦੇ ਭੇਜੇ ਪਠਾਣ-ਜਮਸ਼ੇਦ ਖਾਨ ਤੇ ਵਾਸਿਲ ਬੇਗ, (ਗੁਰੁ ਕੀਆਂ ਸਾਖੀਆਂ) ਨੇ ਗੁਰੂ ਜੀ ਦੀ  ਖੱਬੀ ਵੱਖੀ ਵਿਚ ਵਾਰ ਕੀਤਾ । ਖਬਰ ਸੁਣਕੇ ਬਹਾਦਰ ਸ਼ਾਹ ਨੇ ਹਕੀਮ ਭੇਜੇ ਜਿਨ੍ਹਾ ਵਿਚ ਮਿਸਟਰ ਕੋਲ ਵੀ ਸੀ ।ਜ਼ਖਮ ਨੂੰ ਟਾਂਕੇ ਲਗਾਕੇ ਸੀਊਂ ਦਿੱਤਾ ਗਿਆ ਪਰੰਤੂ ਕੁਝ ਦਿੱਨਾਂ ਬਾਅਦ ਜ਼ਖਮ ਖੁਲ੍ਹ ਗਿਆ ।ਹੁਣ ਗੁਰੂ ਜੀ ਨੇ ਹੋਰ ਇਲਾਜ ਕਰਵਾਉਣ ਤੋਂ  ਨਾਹ ਕਰ ਦਿੱਤੀ ਤੇ ਸੰਗਤਾਂ ਨੂੰ ਵਾਹਿਗੁਰੂ ਦਾ ਸਦੜਾ ਸੁਣਾ ਦਿੱਤਾ ।ਉਨ੍ਹਾ ਆਪਣੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਗ੍ਰੰਥ ਸਹਿਬ ਨੂੰ  ਗੁਰੂ ਪਦਵੀ ਸੌਂਪਣ ਦਾ ਸੁਨੇਹਾ ਦੇ ਦਿੱਤਾ। ਭਾਈ ਨੰਦਲਾਲ ਜੀ ਅਨੁਸਾਰ ਉਨ੍ਹਾਂ ਆਪਣਾ ਦੂਜਾ ਰੂਪ ਗ੍ਰੰਥ ਸਾਹਿਬ ਨੂੰ ਕਿਹਾ।

ਦੂਸਰ ਰੂਪ ਗ੍ਰੰਥ ਜੀ ਜਾਨ, ਉਨ ਕੋ ਅੰਗ ਮੇਰੇ ਕਰ ਮਾਨ । ਮੇਰਾ ਰੂਪ ਗ੍ਰੰਥ ਜੀ ਜਾਨ, ਇਨ ਮਹਿ ਭੇਦ ਨਹੀ ਕਛੂ ਮਾਨ ।

ਸਾਰੇ ਪੁਰਾਤਨ ਇਤਿਹਾਸਕ ਗ੍ਰੰਥਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗ੍ਰੰਥ ਸਾਹਿਬ ਨੂੰ ਗੁਰੂ ਪੱਦਵੀ ਦੇਣ ਦੇ ਸਪੱਸ਼ਟ ਪ੍ਰਮਾਣ ਮਿਲਦੇ ਹਨ :-

ਗੁਰ ਬਿਲਾਸ ਪਾਤਸ਼ਾਹੀ 6 ਅਨੁਸਾਰ:-

ਮਮ ਆਗਿਆ ਸਭ ਹੀ ਸੁਨੋ, ਸਤਿ ਬਚਨ ਨਿਰਧਾਰ ।ਗ੍ਰੰਥ ਗੁਰੂ ਸਮ ਮਾਨਿਓ, ਭੇਦ ਨ ਕੋਊ ਬਿਚਾਰ ।

ਗੁਰੂ ਗ੍ਰੰਥ ਕਲਿਜੁਗ ਭਇਓ, ਸ੍ਰੀ ਗੁਰ ਰੂਪ ਮਹਾਨ ।ਦਸ ਪਾਤਸ਼ਾਹੀਆਂ ਰੂਪ ਇਹ, ਗੁਰੁ ਗ੍ਰੰਥ ਜੀ ਜਾਨ ।

ਗਿਆਨੀ ਗਿਆਨ ਸਿੰਘ ਦੁਆਰਾ ਰਚਿਤ ਸ੍ਰੀ ਗੁਰੂ ਪੰਥ ਪ੍ਰਕਾਸ਼ ਦਾ ਲਿਖਤ ਅਨੁਸਾਰ ਗੁਰੂ  ਜੀ ਨੇ ਵੀ ਸੰਗਤਾਂ ਦੀ ਬੇਨਤੀ ਕਰਨ ਤੇ ਉਨ੍ਹਾਂ ਦੁਆਰਾ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਪਦ ਸੌਂਪਣ ਦਾ ਵਰਣਨ ਕੀਤਾ ਹੈ: -

ਤ੍ਰਿਤਿਆ ਕੇ ਦਿਨ ਸਭਾ ਮਹਿ ਜਬਿ ਥਿਰੇ ਗੁਸਾਂਈਂ । ਸਭ ਸਿੰਘਨ ਕਰ ਜੋਰ ਕੈ ਇਹ ਅਰਜ ਅਲਾਈ ।

ਆਪ ਲੋਪ ਤਨ ਕਰਨ ਕੀ ਅਬ ਕੀਨੀ ਤਿਆਰੀ । ਸੰਗਤ ਕਿਸਕੇ ਆਸਰੇ ਫਿਰ ਜੀਐ ਵਿਚਾਰੀ।

.....

ਇਹ ਸੁਨਿ ਤਬ ਸਤਿਗੁਰ ਜੀ, ਕਰਿ ਦਯਾ ਉਚਾਰਾ । ਅਬ ਹਮ ਸੋ ਗੁਰ ਥਾਪ ਹੈਂ ਜੋ ਸਭਸੈ ਭਾਰਾ।

ਅਜਰ ਅਮਰ ਅਖੰਡ ਹਹਿ ਇਕ ਰਸ ਸਮ ਭਾਵੈ ।ਭੇਦ ਪਖ ਬਿਨ ਸਭੀ ਕੋ ਉਪਦੇਸ ਦ੍ਰਿੜਾਵੈ ।

ਇਹ ਕਹਿ ਗੁਰੂ ਗ੍ਰੰਥ ਕਾ ਪ੍ਰਕਾਸ਼ ਕਰਾਯੋ ।ਪੈਸੇ ਪਾਂਚ ਨਲੇਰ ਲੈ ਤਿਸ ਅਗਰ ਟਿਕਾਯੋ ।

ਕਰਿ ਪ੍ਰਕਰਮਾ ਗੁਰੁ ਜੀ ਅਭਿ ਬੰਦਨ ਕੀਓ । ਗੁਰੁ ਰੂਪ ਖੁਦ ਪੂਜਕੈ ਸਭ ਤੈ ਪੂਜਵੀਉ ।

ਪੰਚਾਮ੍ਰਿਤ ਕਰਵਾਇ ਕੈ ਬਹੁਥਾ ਬ੍ਰਤਵਾਯੋ । ਸ੍ਰੀ ਮੁਖ ਤੇ ਸਭ ਸਿਖਨ ਪ੍ਰਤੀ ਇਹ ਹੁਕਮ ਸੁਨਾਯੋ।

ਸ੍ਰੀ ਮੁਖ ਬਾਕਯ ਪਾਤ: 10

ਆਗਿਆ ਬਈ ਅਕਾਲ ਕੀ ਤਬੈ ਚਲਾਯੋ ਪੰਥ ।ਸਭ ਸਿੱਖਨ ਕੋ ਹੁਕਮ ਹੈ ਗੁਰੁ ਮਾਨਿਓ ਗ੍ਰੰਥ ।

ਸਭ ਗੁਰ ਪਰਗਟ ਭਏ, ਪੂਰਨ ਹਰਿ ਅਵਤਾਰ । ਜਗਮਗ ਜੋਤ ਬਿਰਾਜ ਰਹੀ ਸ੍ਰੀ ਗੁਰੁ ਗ੍ਰੰਥ ਮਝਾਰ।

ਇਥੇ ਇਕ ਭੱਟ ਵਹੀ ਤਲੌਂਡਾ ਪਰਗਨਾ, ਜੀਂਦ ਦੀ ਗਵਾਹੀ ਦਿੱਤੀ ਜਾਂਦੀ ਹੈ :-

ਗੁਰੁ ਗੋਬਿੰਦ ਸਿੰਘ ਮਹਲਾ ਦਸਮਾ, ਬੇਟਾ ਗੁਰੁ ਤੇਗ ਬਹਾਦਰ ਜੀ ਕਾ, ਪੋਤਾ ਗੁਰੁ ਹਰਿਗੋਬਿੰਦ ਜੀ ਕਾ, ਪੜਪੋਤਾ ਗੁਰੂ ਅਰਜੁਨ ਜੀ ਕਾ, ਬੰਸ ਗੁਰੂ ਰਾਮਦਾਸ ਜੀ ਕੀ, ਸੂਰਜਬੰਸੀ ਗੋਸਲ ਗੋਤਰ, ਸੋਢੀ ਖਤਰੀ, ਬਾਸੀ ਆਨੰਦਪੁਰ ਪਰਗਨਾ ਕਹਿਲੂਰ, ਮੁਕਾਮ, ਨੰਦੇੜ, ਤਟ ਗੋਦਾਵਰੀ, ਦੇਸ ਦਖਨ, ਸੰਮਤ ਸੱਤ੍ਰਾਂ ਸੈ ਪੈਸਠ, ਕਾਰਤਿਕ ਮਾਸ ਕੀ ਚੌਥ, ਸੁਕਲਾ ਪੱਖ ਬੁਧਵਾਰ, ਕੇ ਦਿਨ, ਭਾਈ ਦਯਾ ਸਿੰਘ ਸੇ ਬਚਨ ਹੋਆ,"ਸ੍ਰੀ ਗ੍ਰੰਥ ਸਾਹਿਬ ਲੈ ਆਵਹੁ, ਬਚਨ ਪਾਇ, ਦਯਾ ਸਿੰਘ, ਸ੍ਰੀ ਗ੍ਰੰਥ ਸਾਹਿਬ ਲੈ ਆਏ, ਗੁਰੂਜੀ ਨੇ ਪੰਚ ਪੈਸੇ ਅੱਗੇ ਭੇਟਾ ਰਖਾ,ਮੱਥਾ ਟੇਕਾ, ਸਰਬੱਤ ਸੰਗਤ ਸੇ ਕਹਾ, ਮੇਰਾ ਹੁਕਮ ਹੈ, ਮੇਰੀ ਜਗਾਹ, ਸ੍ਰੀ ਗ੍ਰੰਥ ਜੀ ਕੋ ਜਾਨਨਾ, ਜੋ ਸਿੱਖ ਜਾਨੇਗਾ, ਤਿਸ ਕੀ ਘਾਲ ਥਾਇਂ ਪਏਗੀ, ਗੁਰੂ ਤਿਸ ਕੀ ਬਹੁੜੀ ਕਰੇਗਾ, ਸੱਤ ਕਰ ਮਾਨਨਾ ।

6 ਅਕਤੂਬਰ 1708 ਨੂੰ ਗੁਰੂ ਜੀ ਦਾ ਹੁਕਮ ਮੰਨਕੇ ਭਾਈ ਦਯਾ ਸਿੰਘ- ਪੰਜ ਪੈਸੇ ਨਾਰੀਅਲ ਲੈ ਆਇਆ ਜੋ ਮਰਿਆਦਾ ਅਨੁਸਾਰ ਗ੍ਰੰਥ ਸਾਹਿਬ ਦੀ ਭੇਟਾ ਕਰਕੇ ਗੁਰੂ ਜੀ ਨੇ ਅਰਦਾਸ ਕੀਤੀ ਅਤੇ ਹੁਕਮਨਾਮਾ ਲਿਆ ਗਿਆ :-

ਮਾਰੂ ਮਹਲਾ 5 ॥ (1000)

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥

ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥1॥ (ਅੰਗ-1000)

ਇਕ ਦਿਨ ਮਗਰੋਂ ਗੁਰੂ ਜੀ ਕੱਤਕ ਸੁਦੀ 5, ਸੰਮਤ 1765 (7 ਅਕਤੂਬਰ 1708) ਨੂੰ ਜੋਤੀ ਜੋਤ ਸਮਾਏ :

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ (ਅੰਗ- 846}

ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ** ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਵਾਰ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। **(gurdish.grewal@gmail.com)**

**ਡਾ. ਕਾਬਲ ਸਿੰਘ**, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। **( singhkabal285@gmail.com)**

**ਡਾ. ਬਲਦੇਵ ਸਿੰਘ,** ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮਾਂ ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿਚ ਪ੍ਰੋਫੈਸਰ ਵਜੋਂ ਕੰਮ ਕੀਤਾ ਹੈ। ਉਨ੍ਹਾਂ ਨੇ ਪੀ.ਐਚ.ਡੀ. ਲਈ "ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ" ਪ੍ਰਾਪਤ ਕੀਤਾ ਅਤੇ ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਹ ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਕਈ ਕੰਪਨੀਆਂ ਨਾਲ ਸਲਾਹਕਾਰ ਵੀ ਰਹੇ ਹਨ। **(baldev3@yahoo.com)**

**ਪ੍ਰੋਫੈਸਰ ਮਨਿੰਦਰ ਸਿੰਘ,** ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। **(Web: http://www.mypanorama.ca.)**

**ਸਰਦਾਰ ਕਰਮਜੀਤ ਸਿੰਘ ਨੂਰ** ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚੋਂ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੁ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ।

**ਸਰਦਾਰ ਜਸਵਿੰਦਰ ਸਿੰਘ ਰੂਪਾਲ**, ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ ਵਿਚ) ਅਤੇ ਬੀ. ਐਡ. ਕਰ ਕੇ ਲੈਕਚਰਾਰ ਰਹੇ ਹਨ। ਗ਼ਜ਼ਲ, ਛੰਦ-ਬੰਦੀ ਕਾਵਿ, ਹਾਇਕੂ, ਕਹਾਣੀ, ਲੇਖ ਅਤੇ ਆਲੋਚਨਾ ਦੀਆਂ 30 ਪੁਸਤਕਾਂ ਛਪੀਆਂ ਹਨ। ਦੇਸ਼ ਵਿਦ ਵਿੱਚ ਲਿਖਤਾਂ ਛਾਪਦੇ ਆ ਰਹੇ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। (rupaljs@gmail.com).

**ਡਾ. ਸਰਦਾਰ ਰਾਜਾ ਬਲਰਾਜ ਸਿੰਘ** ਨੇ 2020 ਵਿੱਚ ਵਿਸ਼ਵ-ਵਿਆਪੀ ਭਾਈਚਾਰੇ ਲਈ ਔਨਲਾਈਨ ਜ਼ੂਮ ਪ੍ਰੋਗਰਾਮ ਸ਼ੁਰੂ ਕੀਤਾ। ਮੈਨੀਟੋਬਾ ਯੂਨੀਵਰਸਿਟੀ (ਕੈਨੇਡਾ) ਤੋਂ Cardio-vascular Sciences ਵਿੱਚ ਪੀ.ਐਚ.ਡੀ. ਕੀਤੀ। ਅਲਬਰਟਾ ਯੂਨੀਵਰਸਿਟੀ ਵਿਚ ਰਿਸਰਚ ਡਾਇਰੈਕਟਰ ਰਹੇ ਹਨ। (rajabsingh72@gmail.com

**ਡਾ. ਸਰਦਾਰ ਗੁਰਸ਼ਰਨ ਸਿੰਘ ਸੋਹਲ**, ਪੀਐਚ. ਡੀ. (ਰਾਜਨੀਤੀ ਵਿਗਿਆਨ), ਖੋਜ ਕਾਰਜ: ਭਾਰਤ ਵਿੱਚ ਖੇਤਰੀ ਰਾਜਨੀਤੀ, ਵਿਸ਼ੇਸ਼ ਸੰਦਰਭ:- ਪੰਜਾਬ, ਕਾਵਿ-ਪੁਸਤਕ: "ਜੀਵਨ ਦੇ ਰੰਗ", ਸਰਕਾਰੀ ਅਧਿਆਪਕ, ਲੇਖਣ ਵਿਧਾ: ਕਵਿਤਾ ਅਤੇ ਵਾਰਤਕ ਕਿਤਾਬਾਂ ਮੈਗਜੀਨਾਂ ਅਤੇ ਪਤ੍ਰਿਕਾਵਾਂ ਵਿੱਚ ਛਪਦੀਆਂ ਰਚਨਾਵਾਂ। ਮੁੱਖ ਦਿਲਚਸਪੀ: ਮਨੁੱਖ ਦੇ ਕੁਦਰਤ ਨਾਲ ਰਿਸ਼ਤਾ ਅਤੇ ਜੀਵਨ ਨੂੰ ਸਮਝਣ ਵਾਲੀ ਖੁੱਲੀ

**ਸਰਦਾਰਨੀ ਸੁਰਜੀਤ ਕੌਰ ਸਾਰੰਗ** (ਦਿੱਲੀ ਨਿਵਾਸੀ) ਬੀ.ਏ., ਬੀ.ਐਡ. ਕਰ ਕੇ ਅਧਿਆਪਕਾ ਰਹੇ ਅਤੇ ਹੁਣ ਰਿਟਾਇਰ ਹੋਏ ਹਨ। ਲਿਖਣ ਦਾ ਸ਼ੌਕ ਹੈ। ਕਿਤਾਬਾਂ ਰੂਹ ਤੋਂ ਰੂਹ ਤੱਕ, ਪਵਿੱਤਰ ਰੂਹਾਂ , ਕਾਫ਼ੀ, ਕਾਵਿ ਸੰਗ੍ਰਹਿ ਲਿਖੀਆਂ ਹਨ।

**Dr Sukhmander Singh, BSc Engg (**Thapar College of Engg. & Tech.), Master's in Civil Engineering from IIT, Delhi, and PhD from the University of California at Berkeley (USA), was Project Engineer and Consultant (at San Francisco), is Professor of Civil, Environmental and Sustainable Engineering at Santa Clara University (SCU), California. **First Sikh Endowed Professor, he** worked with the Trans-Alaska Pipeline and the San Pablo Clearwell Dam, has been teaching in SCU for 36 years and is Visiting Professor at Cambridge University, UK. Got Lifetime Achievement Award from the American Society of Civil Engineering. He wrote a book, "*Walking with the SIKHS of Today"*, and is President of Sikh Council of North America. ( ssingh@scu.edu).

## <u>ਲੇਖਕਾਂ ਲਈ ਜ਼ਰੂਰੀ ਜਾਣਕਾਰੀ</u>

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਅਤੇ ਵਿਰਾਸਤ ਸੰਬੰਧਤ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਸੰਪਾਦਕੀ ਬੋਰਡ ਲੇਖਕਾਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ ਹੈ, ਜ਼ਿਮੇਵਾਰੀ ਲੇਖਕਾਂ ਦੀ ਹੋਵੇਗੀ।
3. ਲਿਖਤ ਅਨਮੋਲ ਲਿਪੀ ਵਿਚ ਜਾਂ **Times New Roman** (12/14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੈਵੇ।
6. ਲੇਖਕ ਦਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ ਨੰਬਰ, ਈ-ਮੇਲ ਅਡ੍ਰੈਸ, ਵੱਟਸਐਪ ਤੇ ਆਪਣੀ ਸੰਖੇਪ ਜਾਣਕਾਰੀ ਦਿਓ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ-800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਲੰਬੇ ਲੇਖ *sanjihivrasat.org* ਦੇ 'ਬ਼ਲੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '*Copyright Infringement*' ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

## <u>Important Information for Authors</u>

1. **Magazine Policy** : To Promote Punjabi Culture, History and Heritage. (By Secular, Non-Political, Non-Personal Articles/Poems, after Review)
2. **Editorial Board** : Will not be responsible for views of Authors / Poets.
3. **Font size 12/14** : Panjabi-'Anmol Lipi' (English -Times New Roman)
4. **Spacing, margin** : Line-to-line 1.0, Margins One Inch on all four sides.
5. **Format -WORD** : No PDF, Photocopy, Print-screen, Snip, Office-Lens
6. **Author's Data** : Name, City (Country), A Brief (own) Introduction, Give Phone, E-mail, or WhatsApp. (photo is optional).
7. **Maximum Length** : Two pages (Including Photo) of 800 Laptop words.
8. **Longer Articles** : On BLOG Website *(sanjhivirasat.org)* or serialized.
9. **Copy -Right (CR)** : Authors will ensure there is 'No CR' Infringement.
10. **References/Photos** : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## Editorial Board (*Sanjhi Virasat*)

| | |
|---|---|
| ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਰਾਜਬੀਰ ਸਿੰਘ ਭੱਟੀ (ਮੁਖ ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

### <u>ਸਲਾਹਕਾਰ</u>

| | |
|---|---|
| ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ







ਡਾ. ਰਾਜਾ ਬਲਰਾਜ ਸਿੰਘ | ਗੁਰਦੀਸ਼ ਕੌਰ ਗਰੇਵਾਲ | ਪ੍ਰੋਫ਼ੈਸਰ ਮਨਿੰਦਰ ਸਿੰਘ | ਡਾ. ਕਾਬਲ ਸਿੰਘ






ਡਾ. ਬਲਦੇਵ ਸਿੰਘ | ਸ. ਜਗਬੀਰ ਸਿੰਘ ਕੋਹਲੀ | ਸ. ਪਰਮਜੀਤ ਸਿੰਘ | ਪ੍ਰਿੰਸੀਪਲ ਮਨਮੋਹਨ ਕੌਰ






ਸ੍ਰ. ਉਂਕਾਰ ਸਿੰਘ ਟਿਵਾਣਾ | ਡਾ. ਰਾਜਬੀਰ ਸਿੰਘ ਭੱਟੀ | ਸ. ਯੁਵਰਾਜ ਸਿੰਘ | ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ




ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖ਼ੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ